# ਵਰਿਆਮ

ਅਗਸਤ ੧੯੯੧

ਜਿਲਦ ੧੬ ਅੰਕ ੧੦

## ਗ਼ਜ਼ਲ

ਨਾ ਸੂਰਜ ਨਾ ਚੰਦ ਤੇ ਨਾ ਹੀ ਬਿਜਲੀ ਦਾ ਚਮਕਾਰਾ.
ਸਾਡੇ ਅੰਬਰ 'ਤੇ ਹੈ 'ਕੱਲਾ ਬੋਦੀ ਵਾਲਾ ਤਾਰਾ।
ਕੋਈ ਵਕਤ ਸੀ ਇਸ ਅਵਸਰ 'ਤੇ ਘਰ ਘਰ ਜਗਦੇ ਦੀਵੇ,
ਹੁਣ ਤਾਂ ਨੇਰ੍ਹੇ ਦੇ ਸਾਗਰ ਵਿਚ ਡੁੱਬ ਜਾਂਦੈ ਪਿੰਡ ਸਾਰਾ।
ਉਸਦੀ ਸ਼ੋਖ਼ ਅਦਾ ਦੇ ਹਿਸੇ ਇਕ ਨੰਬਰ ਨਾ ਆਇਆ,
ਕਾਲੇ ਵਰਕੇ ਰਿਹਾ ਪਰਤਦਾ ਸ਼ਬਦਾਂ ਦਾ ਵਣਜਾਰਾ।
ਮਾਰੂ-ਥਲ ਤੇ ਸਾਗਰ ਵਿਚਲੀ ਦੂਰੀ ਮਿਟਦੀ ਜਾਪੀ,
ਪੱਥਰ ਦਿਲ ਦੀ ਅੱਖ 'ਚ ਜਦ ਮੈਂ ਡਿੱਠਾ ਹੰਝੂ ਖਾਰਾ।
ਤਾਅਨੇ ਮਿਹਣੇ ਖ਼ੰਜਰ ਸੂਲੀ ਕਿੰ'ਨੇ ਜ਼ੁਲਮ ਸਹਾਰੇ,
ਹਾਲ ਮੁਰੀਦਾਂ ਦਾ ਨਾ ਜਾਣੇ ਫਿਰ ਵੀ ਮਿੱਤਰ ਪਿਆਰਾ।

**ਗੋਪਾਲ ਸਿੰਘ ਬੁੱਟਰ**
੧੩੮ ਚੀਮਾ ਨਗਰ
ਜਲੰਧਰ

*ਵਿਸ਼ੇਸ਼ ਲੇਖ : ਕਥਾ ਮਾਰਵਾੜ ਦੀ ਲੇਖਕ ਰਾਜਿੰਦਰ ਸਿੰਘ*

ਅੰਦਰ ਪੜ੍ਹੋ

Sri Satguru Jagjit Singh Ji eLibrary NamdhariElibrary@gmail.com

Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

**ਨਾਮਧਾਰੀ ਏਜੰਸੀਜ਼**

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.**

Phones : Office : 2528411
" : 2510345
Resi. : 6845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਅੰਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

# AMBER BISCUITS Pvt. Ltd.

**SANTOSH NAGAR, X'ROAD, HYDERABAD-500035 INDIA**



Sri Satguru Jagjit Singh Ji eLibrary NamdhariElibrary@gmail.com

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones Office : 529033
Factory : 501973
Resi. : 536093

# BALWANT SINGH & SONS

Office: 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਕਥਾ ਮਾਰਵਾੜ ਦੀ

□ ਰਾਜਿੰਦਰ ਸਿੰਘ ਗੁਰੂ ਸਰ

ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਨੂੰ ਕ੍ਰਿਤਾਰਥ ਕਰਨ ਲਈ ਦੂਰ ਨੇੜੇ ਦੇ ਇਲਾਕਿਆਂ ਨੂੰ ਕਦੇ ਕਦਾਈਂ ਦੌਰਿਆਂ ਰਾਹੀਂ ਵੀ ਨਿਵਾਜ਼ਦੇ ਹਨ।

ਇਹ ਦੌਰੇ ਪਾਠਕਾਂ ਲਈ ਵਿਸ਼ੇਸ਼ ਦਿਲਚਸਪੀ ਦਾ ਕਾਰਨ ਹੁੰਦੇ ਹਨ। ਪਿਛਲੇ ਸਾਲ ਅਜਿਹੇ ਅਜਿਹੇ ਇਕ ਦੌਰੇ ਨਾਲ ਸਰਦਾਰ ਰਾਜਿੰਦਰ ਸਿੰਘ ਗੁਰੂ ਸਰ ਜਿਹੇ ਅਨੁਭਵੀ ਲੇਖਕ ਵੀ ਨਾਲ ਸਨ। ਉਹਨਾਂ ਆਪਣੇ ਪ੍ਰਭਾਵ ਆਪਣੇ ਨਿਵੇਕਲੇ ਅੰਦਾਜ਼ ਵਿਚ ਕਲਮਬੰਦ ਕਰਕੇ ਵਰਿਆਮ ਲਈ ਭੇਜੇ ਹਨ। ਇਹ ਖੁਲ੍ਹੀ ਡੁਲ੍ਹੀ ਰਚਨਾ ਰਿਪੋਰਟ ਵੀ ਹੈ ਅਤੇ ਸਫਰਨਾਮਾ ਸਾਹਿਤ ਵੀ। ਇਸੇ ਕਰਕੇ ਇਹ ਅੱਜ ਵੀ ਨਵੀਂ ਨਰੋਈ ਹੈ।

—ਸੰਪਾਦਕ

## ਉਜੜ ਥੇਹ ਵਸਾਇੰਦਾ ਪਿਆਰਾ

ਸ੍ਰੀ ਭੈਣੀ ਸਾਹਿਬ ਦੇ ਹੋਲੇ (ਮਾਰਚ ੧੯੯੦) ਉੱਤੇ ਹੀ ਹੁਕਮ ਹੋ ਗਿਆ ਸੀ ਬੀਕਾਨੇਰ ਦੇ ਦੌਰੇ ਦਾ। ਜਦੋਂ ਸੰਤ ਤਰਸੇਮ ਸਿੰਘ ਜੀ ਤੋਂ ਤਫਸੀਲ ਪੁਛੀ ਤਾਂ ਗੱਲ ਹੋਰ ਦੀ ਹੋਰ ਹੀ ਬਣ ਗਈ।

ਮੈਂ ਜਦੋਂ ਅਚਾਨਕ ਟਿਬੇ ਵਾਲੇ ਬਾਗ, ਸ੍ਰੀ ਜੀਵਨ ਨਗਰ ਵਿਚ ਸਤਿਗੁਰੂ ਜੀ ਨੂੰ ਜਾ ਮੱਥਾ ਟੇਕਿਆ, ਤਾਂ ਕਹਿਣ ਲੱਗੇ—

ਤੂੰ ਤਾਂ ਕਿਹਾ ਸੀ—ਮੈਂ ਵੀ ਬੀਕਾਨੇਰ ਆ ਕੇ ਮਿਲ ਪਵਾਂਗਾ।

ਮੈਂ ਕਿਹਾ ਜੀ ! ਸਾਡੇ ਵਾਸਤੇ ਏਹੋ ਬੀਕਾਨੇਰ ਹੈ।

ਸਤਿਗੁਰੂ ਜੀ ਕਹਿਣ ਲੱਗੇ—ਗੱਲ ਠੀਕ ਹੈ। ਸਾਡੇ ਨਾਲੀ ਦੇ ਇਲਾਕੇ ਨੂੰ ਲੋਕ ਬੀਕਾਨੇਰ ਹੀ ਸਦਦੇ ਨੇ।

ਟਿੱਬੇ ਦੇ ਪੱਕੇ ਹੋਏ ਬੇਰ ਜਿਨ੍ਹਾਂ ਦੀ ਯਾਦ ਨਾਲ ਅੱਜ ਵੀ ਮੂੰਹ ਸੁਆਦ ਸੁਆਦ ਹੋ ਜਾਂਦਾ ਹੈ। ਕਾਲਾ ਗੋਲਾ, ਮੋਟਾ ਸੇਬ, ਲਾਚੀ ਬੇਰ ਉਮਰਾਨ। ਸਾਰਿਆਂ ਦਾ ਅੱਡੋ ਅੱਡ ਸੁਆਦ। ਸਤਿਗੁਰੂ ਜੀ, ਕੱਲੇ ਕੱਲੇ ਬੂਟੇ ਕੋਲ ਜਾਂਦੇ ਅਤੇ ਬੇਰ ਤੋੜ ਤੋੜ ਕੇ ਸਾਨੂੰ ਸੁਆਦ ਚਖਾਂਦੇ। ਨਮੂਨੇ ਛਕ ਕੇ ਹੀ ਆਦਮੀ ਰੱਜ ਜਾਂਦਾ ਹੈ। ਸਾਰੇ ਹਰਿਆਣਾ, ਰਾਜਸਥਾਨ ਤੇ ਪੰਜਾਬ ਵਿਚ ਇਸ ਟਿੱਬੇ ਦੀ ਵਿਸ਼ੇਸ਼ ਉਪਲਬਧੀ ਹੈ।



ਮਹਿਕਮਾ ਖੇਤੀਬਾੜੀ ਤੇ ਜੰਗਲਾਤ ਨੇ ਕਿਹਾ ਸੀ—

ਟਿੱਬੇ ਉੱਤੇ ਕਿੱਕਰ ਜਾਂ ਅਰਿੰਡ ਹੋ ਸਕਦਾ ਹੈ।

ਮਹਿਕਮੇ ਨੇ ਸੈਂਕੜੇ ਕਿੱਲੇ ਕਿੱਕਰ ਬਿਜਾ ਰੱਖੀ ਸੀ ਟਿੱਬਿਆਂ ਉੱਤੇ। ਸਤਿਗੁਰੂ ਜੀ ਨੇ, ਕਿੱਕਰਾ ਪੁਟਾ ਕੇ, ਅਨਾਰ, ਕਿੰਨੋ, ਅੰਗੂਰ ਅਤੇ ਬੇਰ ਭਰਵਾ ਦਿੱਤੇ। ਅਤੇ ਦਿਨਾਂ ਵਿਚ ਈ ਟਿੱਬੇ ਦਾ ਕਿੱਲਾ-ਅੱਠ ਹਜ਼ਾਰ ਤੋਂ ਸੱਠ ਹਜ਼ਾਰ ਹੋ ਗਿਆ। ਟਿੱਬੇ ਦੀ ਕੀਮਤ ਤਾਂ ਭਾਵੇਂ ਲੋਕਾਂ ਵਧਾ ਰੱਖੀ ਹੈ ਪਰ ਆਬਾਦ ਕੇਵਲ ਸਤਿਗੁਰੂ ਜੀ ਨੇ ਹੀ ਕੀਤਾ ਹੈ। ਅਤੇ ਕਰਾਮਾਤ ਵਾਲੀ ਗੱਲ ਇਹ ਹੋਈ ਹੈ ਕਿ ਜਦੋਂ ਸਰਕਾਰ ਨੇ ਬਾਗੋ ਬਹਾਰ ਨਾਲ ਸਰਸ਼ਾਰ ਟਿੱਬਾ ਵੇਖਿਆ ਤਾਂ ਚਾਰ ਲੱਖ ਦੀ ਮਦਦ ਪਰਵਾਨ ਕਰ ਦਿੱਤੀ। ਹੁਣ ਟਿੱਬੇ ਉੱਤੇ ਸਰਕਾਰੀ ਟੈਂਕ ਤੇ ਟਿਊਬਵੈੱਲ ਵੱਖਰੇ ਢੰਗ ਨਾਲ ਕੰਮ ਕਰ ਰਹੇ ਹਨ। ਮੁਲਾਜ਼ਮ ਵੀ ਸਰਕਾਰੀ ਤੇ ਸਾਮਾਨ ਵੀ ਸਰਕਾਰੀ। ਟਿੱਬਾ ਅਸਾਡਾ। ਟਿੱਬੇ ਦਾ ਅਨਾਰ, ਜੋ ਅਤਿਅੰਤ ਮਿੱਠਾ ਹੈ, ਵੀਹ ਰੁਪਏ ਕਿਲੋ ਵਿਕਿਆ ਹੈ। ਹੁਣ ਅੰਗੂਰ ਲਗ ਰਿਹਾ ਹੈ। ਉਹ ਅੰਗੂਰ ਜੋ ਪੰਜਾਬ ਵਿਚ ੨੦ ਤੋਂ ੩੦ ਰੁਪਏ ਫੀ ਕਿਲੋ ਵਿਕਦਾ ਹੈ। ਸਤਿਗੁਰੂ ਜੀ ਦੀ ਇਸ ਕਰਾਮਾਤ ਦਾ ਪ੍ਰਭਾਵ ਸਾਰੇ ਹਰਿਆਣੇ ਉੱਤੇ ਪੈ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਨਿਰਾਲਾ ਸੰਸਾਰ

## ਮਾਰਵਾੜ ਜੈਸੇ ਨੀਰ ਬਾਲਹਾ

ਜਦੋਂ ਅਸੀਂ ਪੰਜਾਬ ਛਡਦੇ ਹਾਂ ਤਾਂ ਬਹੁਤ ਕੁਝ ਨਵਾਂ ਨਿਵੇਕਲਾ ਨਜ਼ਰ ਆਉਣ ਲੱਗ ਪੈਂਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਰਾਜਸਥਾਨ ਦਾ ਦੌਰਾ-ਸ਼ਾਇਦ ਸੁੱਕੇ ਹਰੇ ਕਰਨ ਵਾਸਤੇ ਹੀ ਸੀ।

ਜਦੋਂ ਮਨੁੱਖ ਹਰੇਵਾਈ ਅਤੇ ਸਿਮ-ਸਿਮ ਕਰਦੀ ਧਰਤੀ ਤੋਂ ਉਪਰਾਮ ਹੁੰਦਾ ਹੈ ਤਾਂ ਖੁਸ਼ਕੀ ਭਲੀ ਲੱਗਦੀ ਹੈ। ਜੀਵਨ ਨਗਰ ਤੋਂ ਜਦੋਂ ਸਿੱਧਾ ਬੀਕਾਨੇਰ ਸ਼ਹਿਰ ਨੂੰ ਕਾਫਲੇ ਨੇ ਮੂੰਹ ਕੀਤਾ, ਉਸ ਵੇਲੇ ਸੰਗਤ ਵਿਚ ਬਹੁਤ ਉਤਸ਼ਾਹ ਸੀ। ਸਿੱਧਾ ਤਿੰਨ ਸੌ ਕਿਲੋਮੀਟਰ ਦਾ ਸਫ਼ਰ। ਇਹ ਸਫ਼ਰ ਵਧੀਆ ਵੀ ਸੀ ਅਤੇ ਘਟੀਆ ਵੀ। ਪਰ ਸਤਿਗੁਰੂ ਜੀ ਦੇ ਨਾਲ ਹੋਣ ਸਦਕਾ ਘਟੀਆ ਵੀ ਵਧੀਆ ਬਣ ਗਿਆ ਸੀ। ਬੀਹੜ ਬੀਆਬਾਨ ਤੁਸੀਂ ਸੁਣਿਆ ਤਾਂ ਜ਼ਰੂਰ ਹੋਵੇਗਾ ਪਰ ਵੇਖਿਆ ਬੜਾ ਘਟ ਹੋਵੇਗਾ। ਉਦਾਸ ਪ੍ਰਕਿਰਤੀ ਦਾ ਚਿਹਰਾ ਵੇਖਿਆ ਹੀ ਬਣਦਾ ਹੈ। ਰੁੰਡ-ਮੁੰਡ ਜੰਡ-ਟੁੰਡ ਮੁੰਡ ਝਾੜੀਆਂ। ਇਉਂ ਜਾਪਦਾ ਹੈ ਜਿਵੇਂ ਭੁੱਖੀਆਂ ਆਈਆਂ ਭੇਡ-ਬੱਕਰੀਆਂ ਅਤੇ ਊਠਾਂ ਨੇ, ਸਾਰੀ ਬਨਸਪਤੀ ਨੂੰ ਚੱਟ ਕਰ ਦਿੱਤਾ ਹੈ। ਸਿਰਫ਼ ਨਿਸ਼ਾਨੀਆਂ ਹੀ ਬਾਕੀ ਬਚੀਆਂ ਹਨ।

ਸੌ ਤੋਂ ਇਕ ਸੌ ਦਸ ਕਿਲੋਮੀਟਰ ਦੀ ਰਫ਼ਤਾਰ ਉੱਤੇ ਜੀਪਾਂ, ਕਾਰਾਂ ਦੌੜ ਰਹੀਆਂ ਸਨ। ਜਿਉਂ-ਜਿਉਂ ਅਸੀਂ ਅੱਗੇ ਵਧ ਰਹੇ ਸਾਂ ਤਿਉਂ-ਤਿਉਂ ਸਫਰ ਹੋਰ ਲੰਮਾ ਹੁੰਦਾ ਜਾਪ ਰਿਹਾ ਸੀ। ਮੀਟਰ ਵੇਖ ਕੇ, ਜ਼ਰੂਰ ਧਰਵਾਸ ਹੁੰਦਾ ਸੀ, ਕਿ ਅਸੀਂ ਸਚਮੁਚ ਹੀ ਅੱਗੇ ਵਧ ਰਹੇ ਹਾਂ। ਅੱਖਾਂ ਨੂੰ ਸੁਖ ਦੇਣ ਵਾਲੇ ਸਭ ਜੀਵ ਜੰਤੂ ਅਲੋਪ ਸਨ। ਜੋ ਕਿਸੇ ਵੇਲੇ ਇਸ ਧਰਤੀ ਦਾ ਸ਼ਿੰਗਾਰ ਸਨ। ਹਰਨ, ਬਘਿਆੜ, ਗਿੱਦੜ, ਸੇਹਾਂ, ਸਹੇ, ਲਕੜ ਬੱਗੇ, ਰੋਝ, ਚਿੱਤਲ, ਸਭ ਹੀ ਅਲੋਪ। ਕੁਝ ਵੀ ਤਾਂ ਨਹੀਂ ਸੀ ਦਿਸ ਰਿਹਾ। ਚੁਫੇਰੇ ਮ੍ਰਿਗ, ਤ੍ਰਿਸ਼ਨਾ ਹੀ ਵਿਆਪ ਰਹੀ ਸੀ। ਕਾਲ ਦੀ ਮਾਰ ਦਾ ਅਜਿਹਾ ਦ੍ਰਿਸ਼ ਮੈਂ ਪਹਿਲੀ ਵਾਰ ਹੀ ਵੇਖ ਰਿਹਾ ਸਾਂ।

ਪਹਾੜਾਂ ਦੀਆਂ ਕਿੰਨੀਆਂ ਕਿਸਮਾਂ ਹੋ ਸਕਦੀਆਂ ਹਨ। ਪੱਕਾ ਪਤਾ ਨਹੀਂ। ਏਥੇ ਰੇਤ ਦੇ ਪਹਾੜ ਸਨ। ਗੱਡੀਆ ਤੇਜ਼ੀ ਨਾਲ ਉੱਪਰ ਜਾਂਦੀਆਂ, ਅਤੇ ਉਸ ਤੋਂ ਹੋਰ ਜ਼ਿਆਦਾ ਰਫਤਾਰ ਨਾਲ ਹੇਠਾਂ ਉਤਰ ਰਹੀਆਂ ਸਨ। ਸਤਿਗੁਰੂ ਜੀ ਕਿਤੇ ਕਿਤੇ ਸਾਹ ਦੁਆ ਲੈਂਦੇ ਸਨ। ਜਦੋਂ ਗੱਡੀਆ ਰੁਕਦੀਆਂ, ਇਕ ਦਮ ਵਿਹਲੀਆਂ ਹੋ ਜਾਂਦੀਆਂ। ਚਾਲੀ, ਪੰਤਾਲੀ ਆਦਮੀਆਂ ਦਾ ਝੁੰਡ-ਰੁੱਖੇ ਸੁੱਕੇ, ਭੁੱਖੇ ਵਾਤਾਵਰਣ ਵਿਚ ਅਜੀਬ ਰੌਣਕ ਬਖੇਰ ਦਿੰਦਾ ਸੀ। ਅਬਾਦੀ ਦਾ ਅਹਿਸਾਸ ਮੀਲ ਵੇਖ ਕੇ ਹੀ ਹੁੰਦਾ ਸੀ। ਸੂਰਤਗੜ੍ਹ, ਅਰਜਣ ਸਰ, ਲੂਦ ਕਰਨ ਸਰ, ਮਹਾਜਨ। ਅਸੀਂ ਬੜੀ ਕੋਸ਼ਿਸ਼ ਕਰਦੇ—ਰੰਗ-ਬਰੰਗੀ ਦੁਨੀਆਂ ਵੇਖਣ ਦੀ। ਨਜ਼ਰ ਆਉਂਦੀਆਂ ਸਨ ਵਿਰਲੀਆਂ-ਵਾਂਝੀਆਂ ਔਰਤਾਂ, ਅਤੇ ਬੱਕਰੀਆਂ ਚਾਰਦੇ ਜੁਆਨ। ਗਾਈਆਂ ਦੇ ਵੱਗ ਤਾਂ ਇਵੇਂ ਹੀ ਜਾਪਦੇ ਸਨ, ਜਿਵੇਂ ਪਰਛਾਵੇਂ ਹਿਲ ਰਹੇ ਹੋਣ।

ਚਮ ਚਮਾਉਂਦੀਆਂ, ਮਰਸਡੀਜ਼ ਸ਼ਿਵਰ ਲੈੱਟ, ਮਾਰੂਤੀ ਕਾਰਾਂ ਅਤੇ ਜੀਪਾਂ। ਵੇਖਣ ਵਾਲੇ ਕਾਰਾਂ ਦੀ ਗਿਣਤੀ ਕਰਦੇ—ਉਹਨਾਂ ਵਿਚਾਰਿਆਂ ਨੂੰ ਏਨੀ ਗਿਣਤੀ ਕਿਥੇ ਆਉਂਦੀ ਸੀ। ਮਸਾਂ ਚਾਰ ਪੰਜ ਗਿਣਦੇ ਤੇ ਅਸੀਂ ਅੱਗੇ ਲੰਘ ਜਾਂਦੇ। ਜਦੋਂ ਕਿਸੇ ਨਿੱਕੇ ਮੋਟੇ ਸ਼ਹਿਰ ਜਾਂ ਕਸਬੇ ਵਿਚੋਂ ਲੰਘਦੇ। ਕਤਾਰਾਂ ਬੰਨ ਬੁੜ੍ਹੀਆਂ ਬੰਦੇ ਵੇਖਦੇ ਹੀ ਰਹਿ ਜਾਂਦੇ। ਇਸ ਹੰਸਾਂ ਦੀ ਡਾਰ, ਦੁਧ ਧੋਤੇ, ਧੂਪ ਰੰਗੇ—ਨਾਮਧਾਰੀਆਂ ਦੇ ਦਰਸ਼ਨ ਇਸ ਰੂਪ ਵਿਚ ਉਹ ਪਹਿਲੀ ਵਾਰ ਜੂ ਕਰ ਰਹੇ ਸਨ। ਜੋ ਰੰਗ-ਬਰੰਗੀ ਦੁਨੀਆਂ ਨਾਲੋਂ ਅਸਲੋਂ ਹੀ ਵੱਖਰੇ ਸਨ ਇਹ ਦਰਸ਼ਨ। ਅਜੀਬ ਨਜ਼ਾਰਾ ਸੀ ਇਹ।

ਨਹਿਰਾਂ ਸਨ, ਪੱਕੇ ਖਾਲ ਵੀ ਸਨ ਪਰ ਹਰੇਵਾਈ ਇਸ ਤਰ੍ਹਾਂ ਦਿਸਦੀ ਸੀ, ਜਿਵੇਂ ਮਾਲੀਆਂ ਨੇ ਮਰਲਾ-ਮਰਲਾ ਗਾਜਰਾਂ ਬੀਜੀਆਂ ਹੋਣ। ਤਿਹਾਈ ਰੇਤਲੀ ਧਰਤੀ, ਖਾਂਦੀ ਪੀਂਦੀ ਰੱਜਦੀ ਹੀ ਨਹੀਂ। ਇਕ ਕਿੱਲਾ, ਦਸਾਂ ਦਾ ਪਾਣੀ ਪੀ ਕੇ ਵੀ ਤ੍ਰਹਿਾਇਆ ਹੀ ਰਹਿੰਦਾ ਸੀ। ਰਾਜਸਥਾਨ ਕੈਨਾਲ ਵਰਗੀਆਂ ਕਈ ਨਹਿਰਾਂ ਵੀ ਏਥੇ ਲਿਆਂਦੀਆਂ ਜਾਣ, ਫੇਰ ਵੀ ਏਥੋਂ ਦੀ ਖੁਸ਼ਕੀ ਖਤਮ ਹੋਣੀ ਮੁਸ਼ਕਲ ਹੈ। ਪਤਾ ਨਹੀਂ ਇਸ ਧਰਤੀ ਦੀ ਹਰੇਵਾਈ ਨੂੰ ਮਹਾਂਕਾਲ ਨਿਗਲ ਗਿਆ ਹੈ ਜਾਂ ਮਨੁਖ ਨੇ ਹੀ ਇਸ ਦੀ ਦੁਰਗਤੀ ਕਰ ਦਿੱਤੀ ਹੈ। ਅੱਜ ਦੇ ਵਿਗਿਆਨੀ ਕਹਿੰਦੇ ਹਨ—ਜੇ ਧਰਤੀ ਉੱਤੇ ਮਨੁਖਤਾ ਇਸੇ ਤਰ੍ਹਾਂ ਹੀ ਵਧਦੀ ਗਈ, ਤਾਂ ਇਕ ਦਿਨ ਸਾਰੀ ਧਰਤੀ ਅਤੇ ਪਹਾੜ ਮਾਰੂਥਲ ਬਣ ਜਾਣਗੇ।

ਹੁਣ ਬੀਕਾਨੇਰ ਸ਼ਹਿਰ ਦੀਆਂ ਨਿਸ਼ਾਨੀਆਂ ਦਿਸਣ



Sri Satguru Jagjit Singh Ji eLibrary NamdhariElibrary@gmail.com

ਲੱਗ ਪਈਆਂ ਸਨ। ਸ਼ਹਿਰ ਵਿਚ, ਇਕ ਡੂੰਘਾ ਬਹੁਤ ਡੂੰਘਾ ਟਿਊਬਵੈੱਲ ਹੈ, ਜੋ ਸਾਰੇ ਸ਼ਹਿਰ ਨੂੰ ਪਾਣੀ ਸਪਲਾਈ ਕਰਦਾ ਹੈ। ਇੰਦ੍ਰਾ ਨਹਿਰ ਦੇ ਆਉਣ ਨਾਲ ਸ਼ਹਿਰ ਵਿਚ ਪੰਜਾਬ ਵਾਂਗ ਚਿਕੜ ਵੀ ਪ੍ਰੇਸ਼ਾਨ ਕਰਨ ਲੱਗ ਪਿਆ ਹੈ।

ਪ੍ਰੇਮ ਦੀ ਅਵਸਥਾ ਵੱਖਰੀ ਹੀ ਹੁੰਦੀ ਹੈ। ਜਿਸ ਨੂੰ ਆਮ ਆਦਮੀ ਨਹੀਂ ਜਾਣ ਸਕਦਾ। ਰਾਜਸਥਾਨ ਇਕ ਪਛੜਿਆ ਹੋਇਆ ਪਰਦੇਸ ਹੈ। ਪਾਣੀ ਦੀ ਸਹੂਲਤ ਨਾ ਹੋਣ ਕਰ ਕੇ ਅਬਾਦੀ ਬਹੁਤੀ ਗਰੀਬ ਹੈ ਪਰ ਦਿਲ ਬੇ-ਹੱਦ ਅਮੀਰ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਰ ਤੋਂ ਪਈਆਂ ਦਰਖਾਸਤਾਂ ਕੱਢ ਕੇ ਮਾਰਵਾੜ ਦਾ ਪ੍ਰੋਗਰਾਮ ਤਿਆਰ ਕਰ ਲਿਆ ਹੈ। ਕਿਉਂਕਿ ਏਥੇ ਨਾਮਧਾਰੀ ਸੰਗਤ ਦੀ ਭਾਰੀ ਕਮੀ ਹੈ ਜਿਸ ਕਰ ਕੇ ਤੁਰਨ ਲਗਿਆਂ ਹਰਿਆਣੇ ਤੋਂ ਹੀ ਸਾਧ ਸੰਗਤ ਵੀ ਨਾਲ ਲੈ ਲਈ। ਪੂਰੀ ਸੰਗਤ।

ਥੋੜੇ ਚਿਰ ਬਾਅਦ ਅਸੀਂ ਬੀਕਾਨੇਰ ਸ਼ਹਿਰ ਵਿਚ ਸਾਂ। ਕਈ ਮੋੜ ਕੱਟ ਕੇ ਸ: ਪ੍ਰੇਮ ਸਿੰਘ ਜੀ ਦੇ ਘਰ ਪਹੁੰਚੇ। ਅਤੇ ਇਹਨਾਂ ਦੇ ਘਰ ਵਿਚ ਹੀ ਸੰਗਤ ਨੇ ਆਸਣ ਸਿੱਧੇ ਕਰ ਦਿੱਤੇ। ਅੱਠ ਪਹਿਰ ਦਾ ਮੇਲਾ ਇਹਨਾਂ ਦੀ ਮੰਗ ਸੀ।

ਸ: ਪ੍ਰੇਮ ਸਿੰਘ ਜੀ ਨੇ ਆਪਣਾ ਘਰ ਤਾਂ ਬੀਕਾਨੇਰ ਵਿਚ ਹੀ ਬਣਾ ਲਿਆ ਹੈ। ਸਰਵਿਸ ਗੰਗਾ ਨਗਰ ਜ਼ਿਲੇ ਵਿਚ ਕਰ ਰਹੇ ਹਨ। ਪਰ ਮੇਲਾ ਬੀਕਾਨੇਰ ਵਿਚ ਕਰਵਾ-ਇਆ ਹੈ। ਧਰਤੀ ਦਾ ਮੋਹ ਹੀ ਤਾਂ ਹੈ, ਜੋ ਜਨਨੀ ਤੋਂ ਵਿਛੜਨ ਨਹੀਂ ਦਿੰਦਾ। ਸ: ਪ੍ਰੇਮ ਸਿੰਘ ਜੀ ਸਦੇ ਹੋਏ ਮਨੁੱਖ ਹੋਣ, ਅਤੇ ਇੰਤਜ਼ਾਮ ਕਰਨ ਦੀ ਜਾਚ ਹੈ। ਥੋੜੇ ਜਿੰਨੇ ਥਾਂ ਨੂੰ ਹੀ ਵਿਉਂਤ ਨਾਲ ਬਹੁਤਾ ਬਣਾ ਦਿੱਤਾ। ਸੰਤ ਇਕਬਾਲ ਸਿੰਘ, ਵਡਾਲਾ ਜੌਹਲ ਜਥੇਦਾਰ ਵੀ ਹਨ, ਇਸ ਦਾ ਪਹਿਲੀ ਵਾਰ ਹੀ ਪਤਾ ਲੱਗਾ। ਮੈਂ ਆਪ ਵੀ ਗੌਣ ਵਾਲਿਆਂ ਵਿਚ ਸ਼ੁਮਾਰ ਹਾਂ। ਇਸ ਤਰ੍ਹਾਂ ਗਵਈਏ ਤੇ ਜਥੇਦਾਰ ਦੂਸਰਿਆਂ ਦੇ ਦੀਵਾਨ ਘੱਟ ਹੀ ਸੁਣਦੇ ਹਨ। ਪਰ ਉਸ ਦਿਨ ਮੈਨੂੰ ਸੁਣਨਾ ਹੀ ਪਿਆ। ਬਹੁਤ ਵਧੀਆ ਧਾਰਨਾ ਅਤੇ ਗੁਰਬਾਣੀ ਦੇ ਆਧਾਰ ਤੇ ਗੁਰੂ ਦੀ ਅਤੀ ਉੱਤਮ ਵਿਆਖਿਆ ਕੀਤੀ। ਸੰਤ ਜੀ ਨੇ ਜਿਸ ਦੇ ਫਲ ਸਰੂਪ ਕਈ ਆਦਮੀਆਂ ਨੇ ਭਜਨ ਪੁਛ ਕੇ ਮਾਸ ਸ਼ਰਾਬ ਦਾ ਤਿਆਗ ਕੀਤਾ।

ਸਤਿਗੁਰੂ ਜੀ ਨੇ ਆਪਣੇ ਉਪਦੇਸ਼ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ—

ਜਿਨੀ ਤੁਧ ਨੋ ਧੰਨੁ ਕਹਿਆ,
ਤਿਨ ਜਮ ਜਮੁ ਨੇੜ ਨਾ ਆਇਆ।

ਮਲੂਕ ਸਿੰਘ, ਸੰਤ ਨਗਰ ਦਾ ਇਕ ਸਿੱਖ ਮੌਤ ਦੇ ਬਿਸਤਰੇ ਉੱਤੇ ਪਿਆ ਆਖਰੀ ਘੜੀਆਂ ਗਿਣ ਰਿਹਾ ਸੀ। ਅਚਾਨਕ ਦੋ ਜਮਦੂਤ ਆਏ ਅਤੇ ਡੰਡੇ ਮਾਰ ਕੇ ਅੱਗੇ ਲਾ ਲਿਆ। ਦਰਦ ਦੀ ਪੀੜ ਨਾ ਸਹਾਰਦੇ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕੀਤਾ। ਪਰ ਜਮ ਤਾਂ ਆਪਣੀ ਡਿਊਟੀ ਦੇ ਪੱਕੇ ਸਨ। ਜਦੋਂ ਧਰਮਰਾਜ ਦੇ ਪੇਸ਼ ਹੋਇਆ, ਤਾਂ ਸਰੀਰ ਛੱਡੇ ਨੂੰ ਕਈ ਘੰਟੇ ਬੀਤ ਚੁਕੇ ਸਨ। ਸਾਰਾ ਪਰਿਵਾਰ ਗਮਗੀਨ ਅਤੇ ਪ੍ਰੇਸ਼ਾਨ ਹਾਲਤ ਵਿਚ ਉਦਾਲੇ ਬੈਠਾ ਸੋਚ ਰਿਹਾ ਸੀ। ਬੁਖਾਰ ਹੀ ਤਾਂ ਆਇਆ ਸੀ। ਏਡੀ ਕਾਹਲ ਕਿਉਂ ਕੀਤੀ ਸਾਨੂੰ ਛੱਡ ਕੇ ਜਾਣ ਦੀ?

ਜਮਾਂ ਤੋਂ ਧਰਮਰਾਜ ਨੇ ਪੁਛਿਆ—ਅੰਤ ਸਮੇਂ ਇਸ ਦੇ ਮੂੰਹੋਂ ਕੀ ਆਵਾਜ਼ ਨਿਕਲੀ ਸੀ?

ਜਮਾਂ ਕਹਿਆ—ਜੀ, ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ!

"ਇਸ ਨੇ ਜਦੋਂ ਸਤਿਗੁਰੂ ਜੀ ਦਾ ਨਾਮ ਲਿਆ, ਫੇਰ ਤੁਸੀਂ ਇਸ ਨੂੰ ਕਿਉਂ ਲਿਆਏ?

ਇਸ ਨੂੰ ਅਭੀ ਆਜ਼ਾਦ ਕਰ ਦਿਓ।" ਡੰਡਿਆਂ ਦੇ ਨਿਸ਼ਾਨ ਸਾਰਿਆਂ ਨੂੰ ਵਿਖਾਏ ਮਲੂਕ ਸਿੰਘ ਨੇ।

ਅੱਜ ਬੀਕਾਨੇਰ ਪਹੁੰਚਣ ਦਾ ਪਹਿਲਾਂ ਦਿਨ ਹੈ ੨੦-੩-੯੦ ਸ਼ਾਮ ਢਲ ਰਹੀ ਹੈ। ਸਤਿਗੁਰੂ ਜੀ ਨੇ ਸੰਤ ਤਰਸੇਮ ਸਿੰਘ ਤੋਂ ਪੁਛਿਆ, ਏਥੇ ਨੇੜੇ-ਤੇੜੇ ਕਿਤੇ ਨਹਿਰ ਵੀ ਹੈ?

ਸ: ਪ੍ਰੇਮ ਸਿੰਘ ਜੀ ਕਿਹਾ—ਸਚੇ ਪਾਤਿਸ਼ਾਹ ਏਥੋਂ ੧੮ ਕਿਲੋਮੀਟਰ ਦੂਰ ਹੈ।

ਸਤਿਗੁਰੂ ਜੀ ਫੁਰਮਾਇਆ—ਚਲੋ ਨਹਿਰ ਤੇ ਚਲ ਕੇ ਸ਼ਨਾਨ ਪਾਣੀ ਕਰੀਏ ਫੇਰ ਗੱਲ ਬਣੇਗੀ।

ਸਾਧ ਸੰਗਤ ਖਾਸ ਕਰ ਕੇ—ਸੋਧੀਆਂ ਕਿਹਾ ਠੀਕ ਹੈ ਉੱਥੇ ਹੀ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦੇ ਛਕਾਂਗੇ।

ਛੋਟੀ ਜਿੰਨੀ ਪਤਲੀ-ਪਤਲੀ ਨਹਿਰ। ਧਰਤੀ ਦੇ ਲੈਵਲ ਤੋਂ ਕਾਫ਼ੀ ਨੀਵੀਂ। ਸਾਨੂੰ ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਮਾਨ ਸਰੋਵਰ ਤੇ ਪਹੁੰਚ ਗਏ ਹੋਈਏ। ਠੰਢੀ



Sri Satguru Jagjit Singh Ji eLibrary NamdhariElibrary@gmail.com

ਧਰਤੀ, ਦਿਨ ਢਲਦੇ ਦੀ ਮਿੱਠੀ ਪਰਛਾਈ। ਚਾਰ ਚੁਫੇਰਾ ਸੁੰਨ ਮਸਾਨ। ਉੱਥੇ ਕੇਵਲ ਤੇ ਕੇਵਲ ਸਾਡਾ ਹੀ ਰਾਜ ਸੀ ਅਤੇ ਅਸੀਂ ਉਸ ਧਰਤੀ ਦੇ ਵਾਰਿਸ।

ਸਤਿਗੁਰੂ ਜੀ ਨੇ ਪੱਧਰੀ ਥਾਂ ਵੇਖ ਕੇ ਬੈਡ ਮਿੰਟਨ ਦੀ ਰਚਨਾ ਕਰ ਦਿੱਤੀ। ਇਹ ਖੇਡ ਸਤਿਗੁਰੂ ਜੀ ਦੇ ਸ਼ੌਕ ਦਾ ਚਿੰਨ੍ਹ ਨਹੀਂ। ਸਗੋਂ ਬੁਢਾਪੇ ਨੂੰ ਸਦਾ ਬਹਾਰ ਜੁਆਨੀ ਵਿਚ ਬਦਲਣ ਦੀ ਸੁਚੱਜੀ ਮਿਹਨਤ ਹੈ। ਜੰਡਾਂ ਦੇ ਕੰਡੇ ਅਤੇ ਰੋੜਾਂ ਵਿਚ ਖੇਡ ਦਾ ਕਿਤਨਾ ਕੁ ਸੁਆਦ ਆ ਸਕਦਾ ਸੀ। ਕਦੇ ਕੰਡੇ ਚੁੱਕ ਕਦੇ ਰੋੜ ਹਟਾ ਏਸੇ ਤਰ੍ਹਾਂ ੪੦ ਮਿੰਟ ਪੂਰੇ ਹੋ ਗਏ।

ਏਸੇ ਹੀ ਥਾਂ ਉੱਤੇ ਪਾਣੀ ਨੂੰ ਨੱਬੇ ਫੁੱਟ ਉੱਚਾ ਚੁਕ ਕੇ ਟਿੱਬਿਆ ਉੱਤੇ ਚਾਹੜਿਆ ਗਿਆ ਹੈ। ਇਹ ਸੀਨ ਅਤੀ ਸੁੰਦਰ ਸੀ। ਇਸ ਦਾ ਨਾਮ ਲਿਫਟ ਕੈਨਾਲ ਹੈ। ਪਤਾ ਨਹੀਂ ਕਿੰਨੀਆਂ ਲੱਗੀਆਂ ਹੋਣ ਲਿਫਟ ਇੰਦਰਾ ਕੈਨਾਲ ਉੱਤੇ। ਬੇਅੰਤ ਪਾਣੀ ਹੋਣ ਤੇ ਵੀ, ਪਾਣੀ ਦੇ ਦਰਸ਼ਨ ਦੁਰਲਭ ਹੋਣ, ਹਾਂ ਪੀਣ ਵਾਸਤੇ ਜ਼ਰੂਰ ਇੰਦਰਾ ਨਹਿਰ ਨੇ ਬੜਾ ਕੰਮ ਕੀਤਾ ਹੈ, ਨਹੀਂ ਤਾਂ ਇਹ ਸਾਰੀ ਅਬਾਦੀ, ਰਾਜਸਥਾਨ ਵਿਚੋਂ ਕੂਚ ਕਰ ਕੇ ਪਤਾ ਨਹੀਂ ਕਿਥੇ-ਕਿਥੇ ਜਾ ਅਬਾਦ ਹੁੰਦੀ। ਸੰਗਤਾਂ ਨੇ ਨਹਿਰ ਦਾ ਖੂਬ ਅਨੰਦ ਮਾਣਿਆ ਸੂਰਜ ਛਿਪਣ ਵਿਚ ਕੁਝ ਮਿੰਟ ਬਾਕੀ ਸਨ ਜਦੋਂ ਸ੍ਰੀ ਸਤਿਗੁਰੂ ਜੀ ਵਾਪਸੀ ਦਾ ਹੁਕਮ ਕਰ ਦਿੱਤਾ। ਰਾਤ ਨੂੰ ਬੀਕਾਨੇਰ ਦੀ ਸੰਗਤ ਦੇ ਘਰੀਂ ਚਰਨ ਪਾਏ। ਸੁਬਹ ੨੧-੩-੯੧ ਨੂੰ ਬਹੁਤ ਸਵਖਤੇ ਜੋਧਪੁਰ ਵਾਸਤੇ ਰਵਾਨਾ ਹੋਣਾ ਸੀ। ਜਿਸ ਵਾਸਤੇ ਸੂ: ਪ੍ਰੇਮ ਸਿੰਘ ਇਹਨਾਂ ਦੇ ਪੁਤਾਂ ਅਤੇ ਪਤਨੀ ਨੇ ਚਾਹਟਾ ਦੁਧ ਅਤੇ ਕੜਾਹ ਪ੍ਰਸ਼ਾਦ ਦੇ ਰਜਵੇਂ ਗੱਫੇ ਛਕਾਏ ਸੰਗਤ ਨੂੰ। ਬੀਕਾਨੇਰ ੪੭ ਆਦਮੀਆਂ ਅਤੇ ਬੀਬੀਆਂ ਨੇ ਭਜਨ ਪੁਛਿਆ।

ਸੂ: ਪ੍ਰੇਮ ਸਿੰਘ ਜੀ ਅਤੇ ਘਰਦਿਆਂ ਦੀ ਸੇਵਾ ਤੇ ਸ੍ਰੀ ਸਤਿਗੁਰੂ ਜੀ ਅਤੀ ਪ੍ਰਸੰਨ ਹੋਏ। ਸੰਤ ਤਰਸੇਮ ਸਿੰਘ ਜੀ ਨੂੰ ਲਿਖ ਕੇ ਕਿਹਾ—ਪ੍ਰੇਮ ਸਿੰਘ ਦਾ ਖਰਚ ਬਹੁਤ ਹੋ ਗਿਆ ਹੈ। ਪੰਜ ਸੱਤ ਹਜ਼ਾਰ ਦੀ ਮਦਦ ਕਰ ਦੇਈਏ?

ਪ੍ਰੇਮ ਸਿੰਘ ਨੇ ਜਦੋਂ ਇਹ ਸੁਣਿਆ ਤਾਂ ਵੈਰਾਗੀ ਹੋ ਕੇ ਕਹਿਣ ਲੱਗਾ—ਮੈਂ ਪੈਸੇ ਦੇਣੇ ਹਨ ਨਾ ਕਿ ਲੈਣੇ।

ਪਾਤਿਸ਼ਾਹ ਮੇਰੇ ਉੱਤੇ ਤਾਂ ਅੰਦਰੋਂ ਕਿਰਪਾ ਰਖੋ, ਅਤੇ ਦਰਸ਼ਨ ਦਿੰਦੇ ਰਹੋ।

ਸੁਬਹ ਸਵੇਰ ਹੀ ਏਥੋਂ ਦੇ ਸੇਠ ਤੇ ਮਿਲ ਮਾਲਿਕ 'ਜਵਾਲਾਭੋਗ' ਜਗਦੀਸ਼ ਰਾਏ ਅਤੇ ਭਗਵਾਨ ਦਾਸ ਨੇ ਆ ਬੇਨਤੀ ਕੀਤੀ—ਸੱਚੇ ਪਾਤਿਸ਼ਾਹ ਸਾਡੀ ਮਿੱਲ ਤੇ ਦਰਸ਼ਨ ਦੇ ਕੇ ਜਾਓ ਅਤੇ ਬਹੂ-ਬੇਟੀਆਂ ਦਾ ਉਧਾਰ ਵੀ ਕਰਦੇ ਜਾਓ।

ਸੇਠ ਪਰਿਵਾਰ ਨੇ ਦੁਧ ਮਿਠਿਆਈ ਅਤੇ ਫਲਾਂ ਨਾਲ ਖੂਬ ਸੇਵਾ ਕੀਤਾ ਅਤੇ ਸਾਰੇ ਟੱਬਰ ਨੇ ਭਜਨ ਪੁਛਿਆ।

## ਨਾਗੌਰ

ਰਾਜਸਥਾਨ ਦੀ ਕੱਚੀ ਘਾਟੀ ਪਾਰ ਕਰਕੇ ਕਾਫ਼ਲਾ ਨਾਗੌਰ ਵਲ ਵਧ ਰਿਹਾ ਸੀ। ਨੌ, ਕਾਰਾਂ, ਪੰਤਾਲੀ ਆਦਮੀ। ਏਸ ਚਮਤਕਾਰੀ ਲਾਲ੍ਹਾ ਨੂੰ ਵੇਖ ਵੇਖ ਇਕ ਨਵੇਂ ਅਚੰਭੇ ਵਿਚ ਪੈ ਗਏ ਸਨ ਰਾਜਸਥਾਨੀ। ਦੂਰ ਦੁਰਾਡੇ ਵੱਡੇ-ਵੱਡੇ ਪਿੰਡ ਅਤੇ ਨਿੱਕੇ-ਸ਼ਹਿਰ। ਚੜ੍ਹਾਈ ਉਤਰਾਈ ਟਿਬਿਆਂ ਦੀ। ਸਚਮੁਚ ਹੀ ਆਦਮੀ ਗੁਆਚ ਜਾਂਦਾ ਹੈ। ਜੰਡਾਂ ਦੇ ਸੁੰਨੇ, ਰੁੰਡ ਮੁੰਡ ਕੀਤੇ ਰੁੱਖਾਂ ਅਤੇ ਕਿਤੇ ਕਿਤੇ ਪੀਲੇ ਫੁੱਲਾਂ ਨਾਲ ਲਦੀਆਂ ਫੋਗ ਦੀਆਂ ਝਾੜੀਆਂ ਜੰਗਲਾਂ ਵਿਚ ਮੰਗਲ ਬਣਾ ਰਹੀਆਂ ਸਨ। ਫਸਲਾਂ ਤਾਂ ਇਕ ਸੁਪਨਾ ਹੀ ਬਣ ਗਈ ਸੀ।

ਏਥੇ ਆਕੇ ਮਹਿਸੂਸ ਹੁੰਦਾ ਹੈ ਜਿਵੇਂ ਜੰਡੀ ਹੀ ਬਾਗੜ ਦਾ ਪੱਕਾ ਧਨ ਹੈ। ਪਸ਼ੂਆਂ ਦੇ ਛਕਣ ਵਾਸਤੇ ਜੰਡੀ ਦੀ ਲੁੰਗੀ ਅਤੇ ਬਾਲਣ ਵਾਸਤੇ ਥੋੜ੍ਹੀ ਬਹੁਤ ਲਕੜੀ। ਏਹ ਗੱਲ ਸਭ ਤੋਂ ਵੱਧ ਪ੍ਰਸਿੱਧ ਹੈ ਸੰਗਰ ਫੋਗ ਥਲੀ ਦਾ ਮੇਵਾ। ਇਹਨਾਂ ਉੱਤੇ ਲਗਣ ਵਾਲਾ ਫ਼ਲ, ਖਾਣ ਦੇ ਕੰਮ ਆਉਂਦਾ ਹੈ। ਇਹਨਾਂ ਬੂਟੀਆਂ ਨਾਲ ਏਥੋਂ ਦੀ ਲੋਕਾਈ ਕਿਸ ਤਰ੍ਹਾਂ ਬੱਝੀ ਹੋਈ ਹੈ। ਉਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ—

ਸਤਿਗੁਰੂ ਜੀ ਨੇ ਫੁਰਮਾਇਆ—

ਥਲੀ ਦੀ ਇਕ ਕੁੜੀ ਪੰਜਾਬ ਵਿਚ ਵਿਆਹੀ ਗਈ। ਕਈ ਦਿਨ ਤਾਂ ਚਾਅ ਮਲਹਾਰਾਂ ਵਿਚ ਗੁਆਚ ਗਏ। ਆਖਰ ਘਰ ਦੀ ਯਾਦ ਸਤੌਣ ਲੱਗੀ ਤਾਂ ਛੋਹਰੀ ਨੇ ਕਿਹਾ।

ਸੰਗਰ ਫੋਗ ਥਲੀ ਨਾ ਮੇਵਾ
ਮਿਲੇਗਾ ਕਰਮਾਂ ਪੂਰਿਆਂ ਨੇ।



Sri Satguru Jagjit Singh Ji eLibrary NamdhariElibrary@gmail.com

ਉਸ ਕੁੜੀ ਦੀ ਸੱਸ ਨੇ ਆਪਣੀ ਨੂੰਹ ਨੂੰ ਕਿਹਾ—

ਦੁਧ ਮਲਾਈ ਖਾਹ ਧੀਏ
ਹੁਣ ਕੀ ਬਣਦੈ ਝੂਰਿਆਂ ਨੇ।

ਅਸੀਂ ਨਾਗੌਰ ਦੀ ਧਰਤੀ ਵੱਲ ਜਾਂ ਰਹੇ ਸਾਂ। ਛੋਟੀ ਮੋਟੀ ਅਬਾਦੀ ਜਦੋਂ ਆਉਂਦੀ ਉਸ ਵਿਚ ਵੱਡੇ ਆਦਮੀ ਘਟ ਹੀ ਨਜ਼ਰ ਆਉਂਦੇ ਹਾਂ ਸ਼ਹਿਰਾਂ ਵਿਚ ਕੁਝ ਨਾ ਕੁਝ ਜ਼ਰੂਰ ਨਜ਼ਰ ਪੈ ਜਾਂਦੇ ਸੀ। ਆਖਰ ਨਾਗੌਰ ਵੀ ਆ ਗਿਆ। ਏਥੇ ਵੀ ਕਿਸੇ ਨਾਂ ਕਿਸੇ ਤਰ੍ਹਾਂ ਦੀ ਪੁਰਾਣੀ ਯਾਦ ਬਣਾਈ ਰੱਖਣ ਵਾਲਾ ਵਕੀਲ ਲਿਖਮਾਂ ਰਾਮ ਸੀ। ਸਤਿਗੁਰੂ ਜੀ ਉਸਨੂੰ ਮਸਾਂ ਹੀ ਥਿਆਏ ਸਨ। ਇਸ ਦੇ ਭਰਾ ਜਾਨਾਂ ਰਾਮ ਜੀ ਡੰਡਵਤ ਹੋ ਸਾਸ਼ਟਾਂਗ ਪ੍ਰਣਾਮ ਕੀਤੀ। ਸਤਿਗੁਰੂ ਜੀ ਲਾਂਗਰੀ ਪਹਿਲਾਂ ਹੀ ਭੇਜ ਦਿੱਤੇ ਸਨ। ਸਵੇਰ ਦਾ ਲੰਗਰ ਲਿਖਮਾਂ ਰਾਮ ਦੇ ਘਰ ਕੀਤਾ।

ਨਾਮਧਾਰੀ ਤਾਂ ਸੱਪ ਨੂੰ ਵੀ ਨਹੀਂ ਮਾਰਦੇ, ਜੋ ਕਿਤੇ ਚਿੜੀ ਵੀ ਮਰ ਜਾਏ ਤਾਂ ਪ੍ਰਾਸਚਿਤ ਵਜੋਂ ਪਾਠ ਕਰਾਉਂਦੇ ਹਨ, ਜਾਂ ਵਰਨੀ। ਪਰ ਏਥੇ ਅਣਜਾਣ ਆਦਮੀ ਸਾਨੂੰ ਵੀ ਅੱਤਵਾਦੀ ਹੀ ਸਮਝ ਰਹੇ ਸਨ। ਜਦੋਂ ਅਸੀਂ ਦੱਸਿਆ ਕਿ ਸਾਡੇ ਸਤਿਗੁਰੂ ਜੀ ਦਾ ਮਿਸ਼ਨ-ਸ਼ਾਂਤੀ ਮਿਸ਼ਨ ਹੈ। ਤੁਸੀਂ ਸਾਡੇ ਭਰਾ ਹੋ। ਮਰਨ ਮਾਰਨ ਦਾ ਸਾਡੇ ਨਾਲ ਦੂਰ ਦਾ ਵੀ ਸੰਬੰਧ ਨਹੀਂ। ਤਾਂ ਸਾਡੇ ਨਾਲ ਹਿਲ ਮਿਲ ਜਾਂਦੇ।

ਨਾਗੌਰ ਦੀ ਧਰਮਸ਼ਾਲਾ ਦਾ ਨਾਮ 'ਰਾਮ ਪੋਲ' ਹੈ। ਏਥੇ ਕੀਰਤਨ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਨੇ ਆਪਣਾ ਪ੍ਰਵਚਨ ਦਿੱਤਾ। ਇਹ ਵੀ ਦਸਿਆ ਕਿ ਅਸੀਂ ਨਾਮਧਾਰੀ ਹਾਂ। ਜੋ ਵੀ ਪ੍ਰਭੂ ਦਾ ਜਾਪ ਕਰਦਾ ਹੈ। ਉਹ ਸਭ ਨਾਮਧਾਰੀ ਹੈ। ਇਸ ਗੱਲ ਲੀ ਸਾਨੂੰ ਬੜੀ ਖੁਸ਼ੀ ਹੈ ਕਿ ਮਾਰਵਾੜ ਦੇ ਲੋਕ ਮਾਸ ਨਹੀਂ ਖਾਂਦੇ। ਤੁਹਾਨੂੰ ਸਭ ਨੂੰ ਤੰਬਾਕੂ ਤੇ ਸ਼ਰਾਬ ਛੱਡ ਕੇ ਨਾਮ ਜਪਣ ਵਿਚ ਪਰਵਿਰਤ ਹੋਣਾ ਚਾਹੀਦਾ ਹੈ। ਏਹੋ ਸਾਡੀ ਜ਼ਿੰਦਗੀ ਦਾ ਮੁਖ ਮਨੋਰਥ ਹੋਣਾ ਚਾਹੀਦਾ ਹੈ। ਫੇਰ ਇਕ ਘੰਟਾ ਨਾਮ ਸਿਮਰਨ ਕੀਤਾ ਸਾਰਿਆਂ ਨੇ।

## ਸੱਤਕਾਮ

ਡਾ. ਭਗਵਾਨ ਦਾਸ ਵਰਮਾ ਜੀ ਸ੍ਰੀ ਸਤਿਗੁਰੂ ਜੀ ਦੇ ਅਨਿਨ ਪ੍ਰੇਮੀ ਹਨ। ਇਸ ਇਲਾਕੇ ਦੀ ਆਪਦੀ ਹੀ ਬੋਲੀ ਹੈ। ਬਾਗੜੀ ਬੋਲੀ। ਅੱਖਰ ਹਨ ਹਿੰਦੀ। ਵਰਮਾ ਜੀ ਦੇ ਪੂਰਵਜ ਇਸ ਇਲਾਕੇ ਦੇ ਰਹਿਣ ਵਾਲੇ ਸਨ। ਆਪ ਅਜ ਕਲ ਮਹਾਰਾਸ਼ਟਰ ਦੇ ਔਰੰਗਾਬਾਦ ਸ਼ਹਿਰ ਵਿਚ ਕਾਲਜ ਦੇ ਪ੍ਰੋਫੈਸਰ ਹਨ। ਇਹ ਵੀ ਇਸ ਦੌਰੇ ਵਿਚ ਨਾਲ ਰਹੇ, ਉਨ੍ਹਾਂ ਨੇ ਇਕ ਪੁਰਾਣੀ ਕਥਾ ਇਸ ਤਰ੍ਹਾਂ ਸ਼ੁਰੂ ਕੀਤੀ।

ਪਿਤਾ ਨੇ ਪੁਤਰ ਨੂੰ ਗੁਰੂ ਕੁਲ ਵਿਚ ਪੜ੍ਹਨ ਭੇਜ ਦਿੱਤਾ। ਕਈ ਸਾਲ ਪਿਛੋਂ ਵਿਦਿਆ ਪੂਰੀ ਕਰਕੇ ਜਦੋਂ ਪੁਤਰ ਘਰ ਪੁਜਿਆ ਤਾਂ ਪਿਤਾ ਪ੍ਰਸ਼ਨ ਕੀਤਾ।

ਸਤਕਾਮ ! ਬਤਾਓ ? ਉਹ ਕਿਹੜਾ ਕੰਮ ਹੈ ਜਿਸ ਨੂੰ ਕਰਨ ਪਿੱਛੋਂ ਹੋਰ ਕੋਈ ਬਾਕੀ ਕਰਨ ਵਾਲਾ ਕੰਮ ਨਹੀਂ ਰਹਿ ਜਾਂਦਾ।

ਸਤਕਾਮ ਨੇ ਕਿਹਾ ਪਿਤਾ ਜੀ ! ਆਪਦਾ ਪ੍ਰਸ਼ਨ ਬਹੁਤ ਮੁਸ਼ਕਿਲ ਹੈ। ਇਸ ਦਾ ਭੇਦ ਤਾਂ ਮੈਨੂੰ ਗੁਰੂ ਜੀ ਨੇ ਦੱਸਿਆ ਹੀ ਨਹੀਂ।

ਸਤਕਾਮ ਦੁਬਾਰਾ ਗੁਰੂ ਜੀ ਕੋਲ ਗਿਆ ਅਤੇ ਕਿਹਾ। ਆਪ ਨੇ ਇਹ ਤਾਂ ਮੈਨੂੰ ਦਸਿਆ ਹੀ ਨਹੀਂ ਕਿ ਅਜਿਹਾ ਕੀ ਕੰਮ ਹੈ, ਜਿਸਦੇ ਕਾਰਨ ਕਰਕੇ ਕੋਈ ਕੰਮ ਕਰਨਾ ਬਾਕੀ ਨਹੀਂ ਰਹਿੰਦਾ ?

ਗੁਰੂ ਜੀ ਕਿਹਾ-ਬੇਟਾ ! ਆਹ ਚਾਰ ਸੌ ਗਾਈਂ ਦਾ ਵੱਗ ਹੈ, ਇਸ ਨੂੰ ਜੰਗਲ ਵਿਚ ਲੈ ਜਾ। ਜਦੋਂ ਇਹ ਵਧ ਕੇ ਇਕ ਹਜ਼ਾਰ ਹੋ ਜਾਣ, ਤਾਂ ਇਸ ਦਾ ਉੱਤਰ ਤੈਨੂੰ ਮਿਲ ਜਾਵੇਗਾ।

ਕਈ ਸਾਲਾਂ ਪਿੱਛੋਂ ਜਦੋਂ ਵੱਗ ਇਕ ਹਜ਼ਾਰ ਗਾਈਂ ਦਾ ਹੋ ਗਿਆ ਤਾਂ ਸਤਕਾਮ ਵਾਪਸ ਆਸ਼ਰਮ ਵਿਚ ਗਾਈਆਂ ਲੈ ਕੇ ਦਾਖਲ ਹੋਇਆ। ਪਰ ਉਸ ਦੀ ਸ਼ਕਲ ਅਜਿਹੀ ਬਣ ਗਈ ਸੀ ਕਿ ਉਹ ਗਾਈਂ ਦਾ ਰੂਪ ਹੀ ਹੋ ਗਿਆ।

ਗੁਰੂ ਜੀ ਨੇ ਗਿਣਤੀ ਕੀਤੀ ਤਾਂ ਗਾਂ ਹਜ਼ਾਰ ਤੋਂ ਇਕ ਵਧ ਨਿਕਲੀ। ਫੇਰ ਗਿਣਤੀ ਕੀਤੀ ਫੇਰ ਉਹੋ ਗਿਣਤੀ ਨਿਕਲੀ।

ਗੁਰੂ ਜੀ ਆਵਾਜ਼ ਦਿੱਤੀ !
ਓ ਸਤਕਾਮ ! ਤੂੰ ਕਿਥੇ ਹੈ ?

ਸਤਕਾਮ ਜੋ ਏਨੇ ਚਿਰ ਵਿਚ ਗਾਈਂ ਦਾ ਹੀ ਰੂਪ ਹੀ ਗਿਆ ਸੀ। ਵੱਗ ਤੋਂ ਬਾਹਰ ਆਇਆ। ਗੁਰੂ ਜੀ ਕਿਹਾ ਬੱਸ ਇਹੋ ਹੈ ਤੇਰੇ ਪ੍ਰਸ਼ਨ ਦਾ ਉੱਤਰ।

ਤੂੰ ਗਾਈਆਂ ਚਾਰਦਾ ਗਾਈਂ ਦਾ ਰੂਪ ਹੋ ਗਿਆ



Sri Satguru Jagjit Singh Ji eLibrary NamdhariElibrary@gmail.com

ਹੈ। ਜਦੋਂ ਮਨੁੱਖ ਪ੍ਰਕਿਰਤੀ ਵਿਚ ਕੰਮ ਕਰਦਾ ਉਸੇ ਦਾ ਹੋ ਜਾਂਦਾ ਹੈ, ਤਾਂ ਹੋਰ ਕੋਈ ਬਾਕੀ ਕਰਨ ਵਾਲਾ ਕੰਮ ਨਹੀਂ ਰਹਿੰਦਾ।

ਇਸ ਤਰ੍ਹਾਂ ਨਾਮ ਜਪਣ ਵਾਲਾ ਆਦਮੀ ਵੀ ਨਾਮ ਵਿਚ ਜਦੋਂ ਅਭੇਦ ਹੋ ਜਾਂਦਾ ਹੈ, ਤਾਂ ਉਸਦੀ ਭਗਤੀ ਪੂਰਨ ਹੋ ਜਾਦੀ ਹੈ। ਫੇਰ ਹੋਰ ਕੋਈ ਕੰਮ ਨਹੀਂ ਰਹਿ ਜਾਂਦਾ ਕਰਨ ਵਾਲਾ।

ਆਮ ਕਹਾਵਤ ਹੈ—

ਨਾਮ ਨਾਮੀ ਮਹਿੰ ਭੇਦ ਕਿਛੁ ਨਾਹੀਂ।

## ਜਨਾਣਾਂ

ਸਤਿਗੁਰੂ ਜੀ ਬੜੇ ਦਿਆਲੂ ਹਨ। ਮਾਰਵਾੜ ਦੀ ਰੁੱਖੀ, ਸੁਕੀ ਤੇ ਭੁੱਖੀ ਜ਼ਿੰਦਗੀ। ਜਿਥੋਂ ਦੇ ਹਜ਼ਾਰਾਂ ਮਜ਼ਦੂਰ ਰੋਜ਼ੀ ਰੋਟੀ ਦੀ ਭਾਲ ਵਿਚ ਸੜਕਾਂ ਬਣਾਉਂਦੇ, ਭੱਠਿਆਂ ਉੱਤੇ ਇੱਟਾਂ ਪੱਥਦੇ, ਅਤੇ ਨਹਿਰਾਂ ਖੋਦਦੇ ਤੁਸੀਂ ਰੋਜ਼ਾਨਾਂ ਵੇਖਦੇ ਹੋ। ਆਪਦੇ ਜਿਸ ਮੁਲਕ ਨੂੰ ਛੱਡਣ ਵਾਸਤੇ ਉਹ ਖੁਦ ਮਜਬੂਰ ਹਨ। ਉਸੇ ਮੁਲਕ ਦੇ ਜਾਨਾਂ ਰਾਮ ਦੀ ਬੇਨਤੀ ਉੱਤੇ ਸਤਿਗੁਰੂ ਜੀ ਨੇ ਆਪਣੀ ਸੰਗਤ ਸਮੇਤ ਉਸ ਗਰੀਬ ਦੇ ਘਰ ਜਾ ਡੇਰਾ ਲਾਇਆ।

ਰਾਜਨ ਕਉਨੁ ਤੁਮਾਰੈ ਆਵੈ
ਐਸੋ ਭਾਉ ਬਿਦਰ ਕੋ ਦੇਖਿਓ
ਓਹੁ ਗਰੀਬ ਮੋਹਿ ਭਾਵੈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਗਾਈਆਂ ਦਾ ਫਾਰਮ ਅਤੀ ਆਧੁਨਿਕ ਬਣਾ ਦਿੱਤਾ ਸੀ। ਗਾਈਆਂ ਅਤੇ ਬੈਲਾਂ ਦੇ ਪ੍ਰੇਮ ਵਸ ਹੋ ਕੇ ਅਜ ਤੋਂ ੩੦-੪੦ ਸਾਲ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਲੈਤ ਪਧਾਰੇ ਸਨ। ਭਾਰਤ ਦੇ ਸਭ ਤੋਂ ਖ਼ੂਬਸੂਰਤ ਵੱਛੇ ਤੇ ਬੈਲ ਇਸ ਧਰਤੀ ਦੀ ਦੇਣ ਹਨ। ਵੱਛੇ ਹਮੇਸ਼ਾਂ ਜੁਆਨ ਰਹਿਣ ਵਾਲੇ ਤੇਜ਼ ਤਰਾਰ ਤੇ ਗੁੰਦਵੇਂ ਜਿਸਮ ਵਾਲੇ ਹੁੰਦੇ ਹਨ। ਉਦੋਂ ਹੀ ਜਾਨਾਂ ਰਾਮ ਗੁਰੂ ਜੀ ਦਾ ਸੇਵਕ ਬਣਿਆ ਸੀ। ਅਸੀਂ ਦੋ ਵਜੇ ਦੇ ਕਰੀਬ 'ਜਨਾਣੇ' ਪਹੁੰਚੇ ਸਾਂ। ਪਿੰਡ ਦੀਆਂ ਮਾਈਆਂ ਬੀਬੀਆਂ ਉਹੋ ਨਜਾਰਾ ਪੇਸ਼ ਕਰ ਰਹੀਆਂ ਸਨ, ਜੋ ਭਗਵਾਨ ਕ੍ਰਿਸ਼ਨ ਜੀ ਦੇ ਦੁਆਰਕਾ ਤੋਂ ਰਲਕੇ ਕੁਰੂਕਸ਼ੇਤਰ ਪਹੁੰਚਣ ਸਮੇਂ ਵਿਆਪਿਆ ਸੀ।

ਸੁਣ ਪਾਈ ਬ੍ਰਿਜ ਬਾਲਾ,
ਮੋਹਨ ਆਵੇ ਹੈਂ ਕੁਰੂਖੇਤ।

ਏਨਾ ਚਾਅ ਤੇ ਮਲਾਰਾਂ ਵਾਲਾ ਸਵਾਗਤ ਬਹੁਤ ਘਟ ਵੇਖਣ ਨੂੰ ਮਿਲਦਾ ਹੈ, ਜੋ ਜਨਾਣੇ ਦ੍ਰਿਸ਼ਟੀ ਗੋਚਰ ਹੋਇਆ। ਸਾਰਿਆਂ ਨੂੰ ਇਕ ਦੂਸਰੇ ਤੋਂ ਅਗੇ ਵਧ ਕੇ ਗੁਰੂ ਦਰਸ਼ਨ ਦੀ ਚਾਹ। ਉਹ ਗਾ ਰਹੀਆਂ ਸਨ—

ਜਾਗੇ ਮ੍ਹਾਰੇ ਭਾਗ,
ਮ੍ਹਾਰੇ ਗਾਂਮ ਸਤਿਗੁਰੂ ਆਇਓ ਰੇ।
ਹਮ ਆਪਨੋ ਤਨ ਮਨ ਅਰਪੋਂ,
ਮ੍ਹਾਰੇ ਆਂਗਨ ਮੇਂ ਗੁਰੂ ਨਾਨਕ ਆਇਓ ਰੇ।
ਆਇਓ ਭਗਵਾਨ ਕ੍ਰਿਸ਼ਨ ਮਹਾਰਾਜ
ਰੁਚਿ ਰੁਚਿ ਭੋਗ ਲਗਾਇਓ ਰੇ।

ਸਤਿਗੁਰੂ ਜੀ ਕਾਰ ਤੋਂ ਬਾਹਰ ਆਏ। ਨਵੀਆਂ ਨਵੇਲੀਆਂ ਦੁਲਹਨਾਂ ਕੁਆਰੀਆਂ ਕੰਨਿਆ ਅਤੇ ਔਰਤਾਂ ਨੇ ਅਗੋਂ ਸ਼ਰਦਾ ਨਾਲ ਗੀਤ ਗਾ ਗਾ ਕੇ ਅਜਿਹਾ ਜਾਦੂ ਭਰਿਆ ਮਾਹੌਲ ਪੈਦਾ ਕਰ ਦਿੱਤਾ ਜਿਸਨੂੰ ਗੁਰੂ ਜੀ ਨੇ ਪਹਿਲਾਂ ਹੀ ਲਿਖ ਦਿੱਤਾ ਹੈ—

ਕਹਿਬੇ ਕਉ ਸੋਭਾ ਨਹੀ
ਦੇਖਾ ਹੀ ਪਰਵਾਨੁ॥

ਚੌਧਰੀ ਜਾਨਾਂ ਰਾਮ ਦੀ ਘਰ ਵਾਲੀ ਨੇ ਗੁਰੂ ਜੀ ਨੂੰ ਚੰਦਨ ਦਾ ਤਿਲਕ ਲਾਇਆ। ਕੁੜੀਆਂ ਗਾ ਰਹੀਆਂ ਸਨ। ਉਧਰ ਢੋਲ ਤੇ ਡੱਗਾ ਲਾ ਕੇ ਆਦਮੀ ਗੁਰੂ ਜੀ ਦੇ ਰੰਗ ਵਿਚ ਰੰਗੇ ਕੁਝ ਗਾ ਰਹੇ ਸਨ, ਜੋ ਸਾਡੀ ਸਮਝ ਤੋਂ ਬਾਹਰ ਸੀ। ਰੰਗ ਬਰੰਗੀਆਂ ਚੁੰਨੀਆਂ, ਵੰਨ ਸੁਵੰਨੀਆਂ ਅਤੇ ਸਫੇਦ ਸਫੇਦ ਧੋਤੀਆਂ। ਅਜਿਹਾ ਜਲੂਸ, ਸਾਡੀ ਸੰਗਤ ਨੇ ਪਹਿਲੀ ਵਾਰ ਵੇਖਿਆ ਸੀ। ਜੋ ਆਪ ਮੁਹਾਰੇ ਕਹਿ ਉਠੇ ਸਨ ਧੰਨ ਸਤਿਗੁਰੂ ਤੇ ਧੰਨ ਸਤਿਗੁਰੂ ਜੀ ਦੀ ਸੰਗਤ।

ਚੌਧਰੀ ਜਾਨਾਂ ਰਾਮ ਤੇ ਉਸ ਦੀ ਬ੍ਰਾਦਰੀ ਨੇ ਸਾਰੇ ਰਸਤੇ ਵਿਚ ਵਧੀਆ ਨਵੇਂ ਥਾਨ ਵਿਛਾ ਕੇ ਉਨ੍ਹਾਂ ਤੋਂ ਸਤਿਗੁਰੂ ਜੀ ਨੂੰ ਡੇਰੇ ਪਹੁੰਚਾਇਆ। ਸਾਡੇ ਕੀਰਤਨ ਦੀ ਵਾਰੀ ਆਉਣ ਵਿਚ ਅਜੇ ਦੇਰ ਸੀ। ਪਰ ਉਹਨਾਂ ਦਾ ਗਾਣਾ ਵਜਾਣਾਂ ਖ਼ੂਬ ਜ਼ੋਰ ਸ਼ੋਰ ਨਾਲ ਚਲ ਰਿਹਾ ਸੀ। ਪਹਿਲਾਂ ਔਰਤਾਂ ਨੇ ਲੰਮੇ ਗੀਤ ਗਾਏ ਫੇਰ ਭਜਨ ਮੰਡਲੀ ਦੀ ਵਾਰੀ ਆਈ ਉਹਨਾਂ ਸ਼ੁਰੂ ਕੀਤਾ।

ਮੇਰਾ ਔਗਣਾਂ ਦਾ ਭਰਿਆ ਸਰੀਰ
ਗੁਰੂ ਜੀ ਕਿਵੇਂ ਤਾਰੋਗੇ।



Sri Satguru Jagjit Singh Ji eLibrary NamdhariElibrary@gmail.com

ਘੰਟਿਆਂ ਬਧੀ ਸੰਗਤ ਆਈ ਗਈ ਦਰਸ਼ਨ ਕਰਕੇ ਨਿਹਾਲ-ਨਿਹਾਲ ਹੋ ਗਈ। ਵਿਆਹੀਆਂ ਔਰਤਾਂ ਤਾਂ ਕੁਝ ਨਾ ਕੁਝ ਸੰਗ ਰਹੀਆਂ ਹਨ। ਪਰ ਚੌਧਰੀਆਂ ਦੀਆਂ ਕੁੜੀਆਂ ਨਿਸ਼ੰਗ ਹੋ ਕੇ ਸ਼ਰਧਾ ਪੂਰਵਕ ਦਰਸ਼ਨ ਕਰ ਰਹੀਆਂ ਸਨ। ਉਹਨਾਂ ਦਾ ਵਰਤਾਉ ਇਸ ਤਰ੍ਹਾਂ ਦਾ ਸੀ ਜਿਵੇਂ ਦੇਰ ਤੋਂ ਹੀ ਸਾਡੀਆਂ ਜਾਣੂ ਹੋਣ।

ਨਾਗੌਰ ਤੋਂ ਜਨਾਣੇ ਦੇ ਰਾਹ ਵਿਚ ਜਾਨਾਂ ਰਾਮ ਦੇ ਰਿਸ਼ਤੇਦਾਰਾਂ ਦਾ ਮਕਾਨ ਸੀ ਜਿਸ ਨੂੰ ਸਤਿਗੁਰੂ ਜੀ ਦੀ ਰਿਹਾਇਸ਼ ਵਾਸਤੇ ਪਸੰਦ ਕੀਤਾ ਗਿਆ ਸੀ। ਪਾਣੀ ਛਾਂ ਤੇ ਮਕਾਨ ਸਭ ਕੁਝ ਹੀ ਵਾਧੂ ਸੀ। ਅਸੀਂ ਵੇਖ ਤਾਂ ਲਿਆ, ਪਰ ਮਨ ਨਹੀਂ ਭਿਜਿਆ। ਅਤੇ ਏਹੋ ਗੱਲ ਜਾਨਾਂ ਰਾਮ ਚਾਹੁੰਦਾ ਸੀ। ਉਹ ਕਹਿੰਦਾ ਸੀ ਮੇਰਾ ਘਰ ਛੋਟਾ ਹੈ ਜਾਂ ਵੱਡਾ ਸਤਿਗੁਰੂ ਜੀ ਏਥੇ ਹੀ ਨਿਵਾਸ ਕਰਨ। ਅਤੇ ਸਚਮੁਚ ਹੀ ਜਾਨਾਂ ਰਾਮ ਦਾ ਘਰ ਸਤਿਗੁਰੂ ਜੀ ਨੂੰ ਪਸੰਦ ਆ ਗਿਆ। ਛੋਟੇ ਜੇਹੇ ਚੁਬਾਰੇ ਵਿਚ ਗੁਰੂ ਜੀ ਦਾ ਡੇਰਾ ਸੀ ਅਤੇ ਹੇਠਲਾ ਹਿੱਸਾ ਸਾਡੇ ਵਾਸਤੇ ਵੇਹਲਾ ਹੋਇਆ।

ਦਿਨ ਛਿਪਣ ਹੀ ਵਾਲਾ ਸੀ, ਕਿ ਮੇਰਾ ਇਮਤਿਹਾਨ ਸ਼ੁਰੂ ਹੋ ਗਿਆ। ਸਤਿਗੁਰੂ ਜੀ ਕਹਿਣ ਲਗੇ ਰਹਿਰਾਸ ਦਾ ਪਾਠ ਅਜ ਤੇਰੇ ਕੋਲੋਂ ਸੁਣਨਾ ਹੈ? ਸਾਰੀ ਸੰਗਤ ਨੂੰ ਕੋਠੇ ਉੱਤੇ ਹੀ ਬੁਲਾ ਲਿਆ ਗਿਆ। ਅਤੇ ਮੈਂ (ਰਾਜਿੰਦਰ ਸਿੰਘ ਨੇ) ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ। ਲਗਾਂ ਮਾਤ੍ਰਾ ਸਹਿਤ ਏਨਾ ਲੰਮਾਂ ਪਾਠ ਉਹ ਵੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ! ਖੈਰ, ਭੋਗ ਪੈਣ ਉੱਤੇ ਸਤਿਗੁਰੂ ਜੀ ਬਹੁਤ ਖੁਸ਼ ਹੋਏ। ਅਤੇ ਅਗਲੀ ਸ਼ਾਮ ਨੂੰ ਫੇਰ ਹੁਕਮ ਕੀਤਾ ਰਹਿਰਾਸ ਦਾ ਪਾਠ ਕਰਨ ਵਾਸਤੇ।

ਤੁਲਸਾ ਰਾਮ ਕਈ ਸਾਲਾਂ ਤੋਂ ਸਤਿਗੁਰੂ ਜੀ ਦੇ ਫਾਰਮ ਵਿਚ ਗਾਈਆਂ ਦੀ ਸੇਵਾ ਕਰ ਰਿਹਾ ਹੈ। ਉਸ ਨੇ ਆਕੇ ਅਰਜ਼ ਕੀਤੀ, ਸਚੇ ਪਾਤਸ਼ਾਹ! ਮੇਰੇ ਪਿੰਡ ਦਰਸ਼ਨ ਦਿਓ ਅਤੇ ਘਰ ਚਰਨ ਪਾਓ। ਅਰਜ਼ ਮੰਨ ਕੇ ਦੂਸਰੇ ਦਿਨ ਸੁਭਾ ਸਵਖਤੇ ਹੀ ਜਾ ਨਿਵਾਜਿਆ ਤੁਲਸਾ ਰਾਮ ਨੂੰ। ਉਸ ਨੇ ਸਾਰੀ ਸੰਗਤ ਨੂੰ ਦਹੀਂ ਦੀ ਮਿੱਠੀ ਲੱਸੀ ਪਿਲਾਈ। ਅਤੇ ਘਰ ਵਾਲੀ ਜੋ ਕਈ ਸਾਲਾਂ ਤੋਂ ਅਧਰੰਗ ਨਾਲ ਬੀਮਾਰ ਪਈ ਹੈ, ਉਸ ਨੂੰ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ। ਤਲਸਾ ਰਾਮ ਦੀ ਜੁਆਨ ਧੀ ਜੋ ਉਸ ਵੇਲੇ ਪੀਲੇ ਪੀਲੇ ਕਪੜਿਆਂ ਵਿਚ ਫੱਬ ਰਹੀ ਸੀ। ਬੜੇ ਹੀ ਚਾਵਾਂ ਨਾਲ ਸਾਰੇ ਕੰਮ ਕਰ ਰਹੀ ਸੀ। ਅਸੀਂ ਹੈਰਾਨ ਸਾਂ ਇਹ ਕੁੜੀ ਦਸਾਂ ਸਾਲਾਂ ਤੋਂ ਆਪਣੀ ਮਾਂ ਦੀ ਸੇਵਾ ਕਰ ਰਹੀ ਹੈ। ਸਭ ਤੋਂ ਪਹਿਲਾਂ ਉਸਨੇ ਭਜਨ ਪੁਛਿਆ। ਫੇਰ ਤਾਂ ਸੰਗਤਾਂ ਦਾ ਤਾਂਤਾ ਹੀ ਲਗ ਗਿਆ। ਭਜਨ ਦਸਣ ਵਾਸਤੇ ਸਤਿਗੁਰੂ ਜੀ ਨੇ ਸੂਬਾ ਸੇਵਾ ਸਿੰਘ ਜੀ ਜਗਾਧਰੀ ਅਤੇ ਸੰਤ ਮਹਿੰਦਰ ਸਿੰਘ ਪੂਰਬਾ ਨੂੰ ਹੁਕਮ ਕੀਤਾ।

ਦੂਸਰੇ ਪਾਸੇ ਗੁਰਮੁਖ ਸਿੰਘ ਵੀਡੀਓ ਕੈਮਰੇ ਨਾਲ ਇਹ ਦ੍ਰਿਸ਼ ਸੰਭਾਲ ਰਿਹਾ ਸੀ। ਇਸ ਤਰ੍ਹਾਂ ਇਥੇ ੭੩ ਆਦਮੀਆਂ ਔਰਤਾਂ ਅਤੇ ਨੌਜੁਆਨ ਮੁੰਡਿਆਂ ਨੇ ਭਜਨ ਪੁਛਿਆ। ਅਤੇ ਮਾਸ ਸ਼ਰਾਬ, ਹੁਕਾ ਤਮਾਕੂ ਦਾ ਤਿਆਗ ਕੀਤਾ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਤੁਲਸਾ ਰਾਮ ਏਨਾ ਖੁਸ਼ ਹੋਇਆ ਕਿ ਉਸਨੇ ਉਥੇ ਹੀ ਐਲਾਨ ਕਰ ਦਿੱਤਾ ਕਿ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਖੁਸ਼ੀ ਵਿਚ ਮੈਂ ਸ੍ਰੀ ਭੈਣੀ ਸਾਹਿਬ ਇਕ ਸਾਲ ਹੋਰ ਸੇਵਾ ਕਰਾਂਗਾ।

ਸ਼ਾਮ ਦਾ ਦੀਵਾਨ ਹਰਬੰਸ ਸਿੰਘ ਤੇ ਖਜ਼ਾਨ ਸਿੰਘ ਜੀ ਨੇ ਸਜਾਇਆ। ਜਾਨਾ ਰਾਮ ਨੇ ਦੂਰੋਂ ਨੇੜਿਓਂ ਆਪਣੇ ਰਿਸ਼ਤੇਦਾਰ ਮੰਗਵਾ ਲਏ ਸਨ। ਸਾਰਿਆਂ ਨੇ ਸ਼ਾਸ਼ਟਾਂਗ ਪ੍ਰਣਾਮ ਕੀਤੀ ਅਤੇ ਦੀਵਾਨ ਸਥਾਨ, ਖੁਲ੍ਹੀ ਸੰਗਤ ਨਾਲ ਹੀ ਭਰ ਗਿਆ। ਪਰਦੇ ਦਾ ਕਰੜਾ ਰਿਵਾਜ ਹੋਣ ਤੇ ਵੀ ਵਹੁਟੀਆਂ ਘੁੰਡ ਚੁੱਕ ਕੇ ਹੀ ਸੰਗਤ ਵਿਚ ਆਉਂਦੀਆਂ ਅਤੇ ਦਰਸ਼ਨ ਕਰਕੇ ਇਕ ਪਾਸੇ ਬੈਠ ਜਾਂਦੀਆਂ। ਸਾਡੇ ਕੀਰਤਨ ਦੀ ਸਮਝ ਤਾਂ ਉਹਨਾਂ ਨੂੰ ਕੀ ਆਉਣੀ ਸੀ। ਖਜ਼ਾਨ ਸਿੰਘ ਦੀ 'ਧਾ' ਤੇ 'ਧਾ' ਅਤੇ ਉਸ ਦੀ,ਆਵਾਜ਼ ਉੱਤੇ ਹੀ ਨਿਰਾਲੀ ਸੰਗਤ ਮਸਤ ਸੀ। ਕਈ ਸ਼ਬਦਾਂ ਦੇ ਅਰਥ ਤਾਂ ਉਹਨਾਂ ਵਾਸਤੇ ਓਨੇ ਹੀ ਓਪਰੇ ਸਨ, ਜਿੰਨੀ ਸਾਡੇ ਵਾਸਤੇ ਉਹਨਾਂ ਦੀ ਬੋਲੀ।

> ਉਪਦੇਸੁ ਜਿ ਦਿਤਾ ਸਤਿਗੁਰੂ
> ਸੋ ਸੁਣਿਆ ਸਿਖੀ ਕੰਨੇ।

ਅਤੇ ਫਿਰ ਸਤਿਗੁਰੂ ਫੁਰਮਾਇਆ

> ਕਲਉ ਮਸਾਜਨੀ ਕਿਆ ਸਦਾਈਐ॥
> ਹਿਰਦੈ ਹੀ ਲਿਖਿ ਲੇਹੁ॥
> ਸਦਾ ਸਾਹਿਬ ਕੈ ਰੰਗ ਰਹੈ,
> ਕਬਹੂੰ ਨ ਤੂਟਸਿ ਨੇਹੁ।

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸੈਂਕੜੇ ਆਦਮੀਆਂ



Sri Satguru Jagjit Singh Ji eLibrary NamdhariElibrary@gmail.com

ਨੇ ਭਜਨ ਪੁੱਛਿਆ। ਸਭ ਤੋਂ ਵਧੀਆ ਗੱਲ ਇਹ ਹੋਈ ਕਿ ਉਹਨਾਂ ਦੀਆਂ ਔਰਤਾਂ ਅਤੇ ਕੁੜੀਆਂ ਨੇ ਵੀ ਭਜਨ ਪੁੱਛ ਕੇ ਜਨਮ ਸਫਲਾ ਕੀਤਾ। ਸਤਿਗੁਰੂ ਜੀ ਫੁਰਮਾਇਆ :

ਇਕ ਘੰਟਾ ਸਾਰਿਆਂ ਘਰਦਿਆਂ ਜੀਆਂ ਨੇ ਇਕੱਠੇ ਬੈਠ ਕੇ, ਨਾਮ ਦਾ ਸਿਮਰਨ ਕਰਨਾ ਅਤੇ ਫਿਰ ਕੰਮ ਕਰਦਿਆਂ—ਹਲ ਵਾਹੁੰਦਿਆਂ ਵੀ, ੪ ਘੰਟੇ ਜ਼ਰੂਰ ਭਜਨ ਕਰਨਾ। ਏਹੋ ਸਮੇਂ ਦੀ ਮੰਗ ਹੈ ਅਤੇ ਏਹੋ ਹੈ ਜੀਵਨ ਦਾ ਸਾਰ।

## ਮਾਰਵਾੜਿ ਜੈਸੇ ਨੀਰੁ ਬਾਲਹਾ

ਪਾਣੀ, ਮਾਰਵਾੜ ਵਾਸਤੇ ਸਭ ਤੋਂ ਕੀਮਤੀ ਵਸਤੂ ਅਤੇ ਦੁਰਲੱਭ ਅੰਮ੍ਰਿਤ ਹੈ। ਹਰ ਘਰ ਨੇ ਏਸ ਨੂੰ ਜ਼ਮੀਨ ਵਿਚ ਏਨਾ ਸਾਂਭ ਕੇ ਰਖਿਆ ਹੈ ਕਿ ਓਪਰੇ ਆਦਮੀ ਨੂੰ ਇਸ ਦੀ ਮੁਸ਼ਕ ਵੀ ਨਹੀਂ ਆਉਂਦੀ। ਸਾਰੀਆਂ ਛੱਤਾਂ ਅਤੇ ਵਿਹੜੇ ਨੂੰ ਬਾਰਸ਼ਾਂ ਸਮੇਂ ਪੂਰੀ ਤਰ੍ਹਾਂ ਸਾਫ ਤੇ ਸਵੱਛ ਕਰਕੇ, ਮੀਂਹ ਦੀ ਉਡੀਕ ਕੀਤੀ ਜਾਂਦੀ ਹੈ। ਛੋਟੇ ਜਿਹੇ ਕੁੰਡ ਤੋਂ ਅੰਡਰ-ਗਰਾਊਂਡ ਪਾਈਪਾਂ ਰਾਹੀਂ ਵੱਡੀ ਡਿਗੀ ਵਿਚ ਚੁਪ-ਚਾਪ ਛੁਪ ਜਾਂਦਾ ਹੈ। ਜਾਨਾਂ ਰਾਮ ਦੀ ੧੫×੧੫×੧੫ ਫੁਟ ਡਿਗੀ ਦਾ ਦੇਰ ਤੋਂ ਬਾਰਸ਼ ਨਾ ਹੋਣ ਕਰਕੇ ਥੱਲਾ ਹੀ ਗਿੱਲਾ ਸੀ। ਫਿਰ ਵੀ ਪਾਣੀ ਅਮੁੱਕ ਰਿਹਾ। ਅਸਲ ਵਿਚ ਸੋਧੀਆਂ ਨੇ ਘੱਟ ਪਾਣੀ ਦੀ ਵਰਤੋਂ ਸਿਖ ਲਈ ਸੀ। ਭੈਣੀ ਸਾਹਿਬ ਤਾਂ ਏਨਾ ਪਾਣੀ ਇਕ ਡੰਗ ਵੀ ਨਾ ਕੱਢਦਾ, ਪਰ ਏਥੇ ਪੂਰੇ ਦੋ ਦਿਨ ਏਸੇ ਪਾਣੀ ਨੇ ਕੰਮ ਸਾਰਿਆ। ਲੰਗਰ ਦਾ ਵੀ ਅਤੇ ਇਸ਼ਨਾਨ ਦਾ ਵੀ। ਅਸੀ ਗੁਆਢੀਆਂ ਦੇ ਘਰਾਂ ਵਿਚੋਂ ਪਾਣੀ ਵਰਤਿਆ ਅਤੇ ਕਪੜੇ ਵੀ ਧੋਤੇ ਪਰ ਸੰਜਮ ਨਾਲ।

## ਬਾਜਰੇ ਦਾ ਸਿੱਟਾ

ਦੱਖਣ ਵਿਚ ਜੁਆਰ ਦੀ ਭਰਪੂਰ ਫਸਲ ਜਿਵੇਂ ਹੁੰਦੀ ਹੈ, ਏਸੇ ਤਰ੍ਹਾਂ ਸਾਰੇ ਰਾਜਸਥਾਨ ਵਿਚ ਬਾਜਰੇ ਦੀ ਫਸਲ ਹੁੰਦੀ ਹੈ। ਆਦਮੀ ਅਤੇ ਜਾਨਵਰਾਂ ਦਾ ਇਸੇ ਉੱਤੇ ਹੀ ਗੁਜ਼ਾਰਾ ਹੁੰਦਾ ਹੈ। ਮੈਂ ਸੰਤ ਤਰਸੇਮ ਸਿੰਘ ਜੀ ਨੂੰ ਕਿਹਾ— ਅੱਜ ਇਹਨਾਂ ਦੀ ਪੱਕੀ ਬਾਜਰੇ ਦੀ ਰੋਟੀ ਖਾਣੀ ਹੈ। ਸਾਰੇ ਮੇਰੇ ਮੂੰਹ ਵਲ ਵੇਖਣ ਲਗ ਪਏ, ਪਰ ਮੈਂ ਆਪਣੀ ਗੱਲ ਉੱਤੇ ਅੜਿਆ ਰਿਹਾ। ਜਾਨਾ ਰਾਮ ਬਾਜਰੇ ਦਾ ਪ੍ਰਸ਼ਾਦਾ ਲੈ ਆਇਆ। ਮੇਰੇ ਨਾਲ ਸੁਖਚੈਨ ਸਿੰਘ ਅੰਗ ਰਖਿਅਕ ਵੀ ਬੈਠ ਗਿਆ। ਸੰਤ ਤਰਸੇਮ ਤੇ ਸੁਰਿੰਦਰ ਸਿੰਘ ਸਾਨੂੰ ਵੇਖਣ ਲੱਗ ਪਏ ਕਿ ਬਾਜਰਾ ਕਿਵੇਂ ਖਾਣਗੇ। ਅੱਧਾ ਪ੍ਰਸ਼ਾਦਾ ਮੈਂ ਸੁਖਚੈਨ ਸਿੰਘ ਨੂੰ ਦੇ ਦਿੱਤਾ। ਬੜੇ ਆਰਾਮ ਤੇ ਪ੍ਰੇਮ ਨਾਲ ਅਸੀਂ ਪਰਸ਼ਾਦਾ ਛੱਕ ਲਿਆ। ਸਾਡਾ ਭਾਈਚਾਰਾ ਬੜਾ ਹੈਰਾਨ ਸੀ। ਕਹਿਣ ਲੱਗੇ "ਅਸੀਂ ਤਾਂ ਬਾਜਰਾ ਮੱਝਾਂ, ਗਾਈਆਂ ਨੂੰ ਪਾਉਂਦੇ ਹਾਂ। ਤੁਸੀਂ ਖਾਣਾ ਸ਼ੁਰੂ ਕਰ ਦਿੱਤਾ ਹੈ। ਮੈਂ ਕਿਹਾ, "ਜੇ ਘਿਓ ਦੀ ਚੂਰੀ ਕੁਟ ਕੇ ਖਾਧੀ ਜਾਵੇ, ਫੇਰ ਤਾਂ ਮੂੰਹੋਂ ਨਹੀਂ ਲੱਥਦੀ ਬਾਜਰੇ ਦੀ ਰੋਟੀ। ਸੁਬਾਹ-ਸਵੇਰੇ ਸਾਰੀ ਸੰਗਤ ਨੇ ਹੀ ਲਾਂਗਰੀਆਂ ਨੂੰ ਜਾ ਹੁਕਮ ਸੁਣਾਇਆ, "ਅਸੀਂ ਤਾਂ ਆਪ ਅੱਜ ਬਾਜਰਾ ਹੀ ਛਕਾਂਗੇ। ਫੇਰ ਕੀ ਸੀ? ਇਕ ਪੂਰ ਵੀ ਲਾਹ। ਦੂਸਰਾ ਵੀ ਲਾਹ। ਪਰਸ਼ਾਦੇ ਰੜੀ ਜਾਣ ਤੇ ਸਾਧ ਸੰਗਤ ਛਕੀ ਜਾਵੇ। ਰੁੱਖੇ ਪਰਸ਼ਾਦੇ ਘੀ ਨਾਲ। ਸੰਤ ਤਰਸੇਮ ਸਿੰਘ ਜੀ ਨੇ ਵੀ ਕੁਲ ਢਾਈ ਪਰਸ਼ਾਦੇ ਛੱਕ ਲਏ ਘੀ ਨਾਲ ਅਤੇ ਗੁਰਮੁਖ ਸਿੰਘ ਜੂਨੀਅਰ ਨੇ ਵੀ ਰੱਜ ਕੇ ਛੱਕੇ। ਸਤਿਗੁਰੂ ਜੀ ਨੇ ਵੀ ਬਾਜਰੇ ਦੀ ਰੋਟੀ ਨੂੰ ਭੋਗ ਲਾਇਆ।

## ਧਰਤੀ

ਰਾਜਸਥਾਨ ਤੇ ਮਹਾਂਰਾਸ਼ਟਰ, ਮਦਰਾਸ ਆਦਿ ਦੱਖਣ ਦੀ ਧਰਤੀ, ਪਥਰੀਲੀ ਹੈ, ਉਤਲੀ ਪਰਤ ਹੀ ਮਿੱਟੀ ਦੀ ਹੈ, ਸਾਰੀ ਦੀ ਸਾਰੀ ਨਹੀਂ। ਧਰਤੀ ਵਿਚੋਂ ਪਾਣੀ ਪੱਥਰ ਤੋੜ ਕੇ ਹੀ ਲਿਆ ਜਾਂਦਾ ਹੈ। ਜੋ ਅਤੀ ਕਠਿਨ ਕੰਮ ਹੈ। ਦੋ ਸੌ ਫੁਟ ਡੂੰਘਾਈ ਤੇ ਪਾਣੀ, ਜੋ ਮਸਾਂ ਹੀ ਦਿਸਦਾ ਹੈ। ਫਿਰ ਹੇਠਾਂ ਮਸ਼ੀਨਾਂ ਨਾਲ ਪਾਈਪ ਬੋਰ ਕਰੀਦਾ ਹੈ। ਖੁਸ਼ ਕਿਸਮਤੀ ਨਾਲ ਜੇ ਮਿੱਟੀ ਮਿਲ ਜਾਵੇ ਤਾਂ ਦੋ-ਢਾਈ ਇੰਚ ਪਾਣੀ ਮਿਲ ਜਾਂਦਾ ਹੈ ਖੇਤੀ ਵਾਸਤੇ। ਮਕਾਨ ਆਮ ਤੌਰ ਉਤੇ ਪੱਥਰ ਦੇ ਹੀ ਬਣਾਏ ਜਾਂਦੇ ਹਨ। ਪਰ ਖੂਹ?

ਖੂਹ ਏਥੇ ਪੁੱਟਣਾ ਪੈਂਦਾ ਹੈ, ਉਸਾਰਨਾ ਨਹੀਂ ਪੈਂਦਾ। ਪੱਥਰਾਂ ਵਿਚ ਪਾੜ ਕਰਨਾ ਸੌਖਾ ਕੰਮ ਨਹੀਂ। ਪਰ ਜੇ ਪਾਣੀ ਨਾ ਮਿਲੇ, ਫੇਰ ਰੱਬ ਹੀ ਰਾਖਾ।

ਅੱਜ ਸ੍ਰੀ ਸਤਿਗੁਰੂ ਜੀ ਦਾ ਕੰਮ ਪੱਥਰਾਂ ਵਿਚੋਂ ਪਾਣੀ ਪੈਦਾ ਕਰਨਾ ਹੀ ਸੀ। ਚੌਧਰੀ ਜਾਨਾਂ ਰਾਮ ਦਾ ਚਾਚੇ ਦਾ ਪੁੱਤ ਭਰਾ ਮਨੀ ਰਾਮ ਪੜ੍ਹਿਆ ਲਿਖਿਆ ਆਦਮੀ ਹੈ। ਜੋ



Sri Satguru Jagjit Singh Ji eLibrary NamdhariElibrary@gmail.com

ਏਥੇ ਅਧਿਆਪਕ ਲੱਗਾ ਰੋਇਆ ਹੈ। ਉਸ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ।

"ਸੱਚੇ ਪਾਤਸ਼ਾਹ ਜੀ ! ਮੇਰੇ ਖੂਹ ਉੱਤੇ ਕਿਰਪਾ ਕਰੋ। ਮੈਂ ਪੌਣੇ ਤਿੰਨ ਲੱਖ ਰੁਪਏ ਖਰਚ ਕਰ ਚੁੱਕਾ ਹਾਂ। ਹੇਠਾਂ ਪੱਥਰ ਹੀ ਪੱਥਰ ਤੁਰਿਆ ਆਉਂਦਾ ਹੈ। ਏਸ ਵਿਚੋਂ ਪਾਣੀ ਕੇਵਲ ਅੱਧੇ ਘੰਟੇ ਵਿਚ ਹੀ ਮੁਕ ਜਾਂਦਾ ਹੈ। ਜੇ ਹੇਠਾਂ ਮਿੱਟੀ ਵਿਚ ਨਾਲ ਚਲੀ ਜਾਵੇ ਤਾ ਪਾਣੀ ਮੇਰੇ ਖੇਤਾਂ ਵਾਸਤੇ ਵਾਧੂ ਹੋ ਸਕਦਾ ਹੈ।"

ਸਤਿਗੁਰੂ ਜੀ ਨੇ ਸਿੰਘ ਭੇਜ ਕੇ ਹਵਨ ਕਰਵਾਇਆ ਅਤੇ ਪ੍ਰਸ਼ਾਦ ਵਰਤਾਇਆ। ਅਰਦਾਸ ਕਰ ਕੇ ਇਸ ਤਰ੍ਹਾਂ ਕਈ ਹੋਰਨਾਂ ਨੇ ਵੀ ਹਵਨ ਕਰਵਾਏ ਤੇ ਸਤਿਗੁਰੂ ਜੀ ਦੇ ਚਰਨ ਪਵਾਏ ਖੂਹਾਂ ਤੇ।

ਜਾਨਾਂ ਰਾਮ ਦਾ ਪ੍ਰਵਾਰ ਬਹੁਤ ਵੱਡਾ ਹੈ। ਇਹਨਾਂ ਦੇ ਪੁਰਖੇ ਮੁਸਲਮਾਨ ਹਾਕਮਾਂ ਦੇ ਸਤਾਏ, ਲਾਹੌਰ ਤੋਂ ਏਥੇ ਆ ਕੇ ਵਸੇ ਸਨ। ਤਿੰਨ ਸੌ ਪਰਿਵਾਰ। ਇਹ ਆਪਣੇ ਆਪ ਨੂੰ ਸੂਰਜ ਬੰਸੀ ਮੰਨਦੇ ਹਨ। ਗੋਤ ਭਾਸਕਰੋਦੇ ਤੋਂ ਹੁਣ ਭਾਕਲ ਬਣ ਗਏ ਹਨ। ਤਿੰਨ ਸੌ ਸਾਲ ਪਿੱਛੋਂ ਹੁਣ ਇਹ ਨਿਰੋਲ ਬਾਗੜੀ ਬਣ ਗਏ ਹਨ।

ਸ਼ਾਮ ਦੇ ਦੀਵਾਨ ਪਿੱਛੋਂ ਇਹਨਾਂ ਦੀ ਭਜਨ ਮੰਡਲੀ ਨੂੰ ਸਤਿਗੁਰੂ ਜੀ ਹੁਕਮ ਕੀਤਾ, "ਹੁਣ ਰਾਤ ਨੂੰ ਤੁਸੀਂ ਦੀਵਾਨ ਸਜਾਉਣਾ ਹੈ। ਆਪਣੀ ਬੋਲੀ ਵਿਚ। ਡੇਢ ਘੰਟਾ ਨਾਗੌਰ-ਜਨਾਣੇ ਦੀ ਭਜਨ ਮੰਡਲੀ ਨੇ ਵਧੀਆ ਕੀਰਤਨ ਕੀਤਾ। ਜਿਸ ਨੂੰ ਸਾਡੀ ਨਾਮਧਾਰੀ ਸੰਗਤ ਨੇ ਬਹੁਤ ਪਸੰਦ ਕੀਤਾ।

ਸਤਿਗੁਰੂ ਜੀ ਮੈਨੂੰ ਦਸ ਰਹੇ ਸਨ। ਕਈ ਗੀਤ ਇਹਨਾਂ ਪਹਾੜੀ ਵਿਚ ਤੇ ਕਈ ਦੂਸਰੇ ਰਾਗਾਂ ਵਿਚ ਗਾਏ। ਇਹਨਾਂ ਨੂੰ ਭਾਵੇਂ ਪਤਾ ਨਹੀਂ ਸੀ ਕਿ ਕੀ ਰਾਗ ਗਾ ਰਹੇ ਹਾਂ, ਪਰ ਗਾਉਂਦੇ ਰਾਗ ਵਿਚ ਹੀ ਹਨ।

ਸਜਾ ਸਜਾ ਹਮਾਰਾ ਆਂਗਨਾ
ਰਾਮ ਆਇਓ ਪਰਮੇਸ਼ਰ ਆਇਓ ਆਂਗਣਾਂ।

ਨਾਗੌਰ ਦੇ ਇਹਨਾਂ ਪਿੰਡਾਂ ਦਾ ਜੀਵਨ ਬੜਾ ਸਾਤਵਿਕ ਹੈ। ਪੰਜਾਬ ਵਾਂਗ, ਏਥੋਂ ਦੇ ਲੋਕ ਬੀੜੀਆਂ ਨਹੀਂ ਫੂਕਦੇ ਅਤੇ ਨਾ ਹੀ ਸ਼ਰਾਬ, ਮਾਸ ਵਰਤਦੇ ਹਨ। ਅਜਿਹੇ ਕੰਮ ਕਰਨ ਵਾਲੇ ਕਾਫੀ ਵਿਰਲੇ-ਵਿਰਲੇ ਬੰਦੇ ਹਨ।

ਸਤਿਗੁਰੂ ਜੀ ਨੇ ਫੁਰਮਾਇਆ, "ਬਹੁਤ ਪਹਿਲਾਂ ਦੀ ਗੱਲ ਹੈ—

ਕਲੈਤ ਜੋ ਏਥੋਂ ਨੇੜੇ ਪੈਂਦਾ ਤੀਰਥ ਸਥਾਨ ਹੈ। ਉਥੇ ਪਸ਼ੂਆਂ ਦੀ ਬਹੁਤ ਵੱਡੀ ਪ੍ਰਦਰਸ਼ਨੀ ਲਾਈ ਗਈ। ਪੰਜਾਬ ਰਾਓ ਦੇਸ਼ ਮੁਖ (ਸੈਂਟਰ ਦਾ ਮਨਿਸਟਰ) ਏਸ ਦੇ ਉਦਘਾਟਨੀ ਸਮਾਰੋਹ ਵਿਚ ਸ਼ਾਮਲ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਸ ਨੁਮਾਇਸ਼ ਵਿਚ ਦਰਸ਼ਨ ਦੇ ਰਹੇ ਸਨ। ਮੇਲੇ ਵਿਚ ਭੀੜ ਬਹੁਤ ਸੀ! ਦੇਸ਼ ਮੁਖ ਸਟੇਜ ਤੇ ਖਲੋ ਕੇ 'ਉਪਦੇਸ਼' ਦੇ ਰਿਹਾ ਸੀ—

'ਤੁਹਾਨੂੰ ਕੁਕੜੀਆਂ ਦੇ ਫਾਰਮ ਏਥੇ ਬਣਾਉਣੇ ਚਾਹੀਦੇ ਹਨ। ਤਾਲਾਬਾਂ ਵਿਚ ਮੱਛੀਆਂ ਪਾਲ ਕੇ ਵੇਚਣੀਆਂ ਚਾਹੀਦੀਆਂ ਹਨ। ਮਨਿਸਟਰ ਸਾਹਿਬ ਦੀ ਇਹ ਨਸੀਹਤ, ਏਥੋਂ ਦੇ ਲੋਕਾਂ ਵਾਸਦੇ ਅਸਲੋਂ ਬੇ ਮਾਇਨਾ ਸੀ। ਜਿਸ ਨੂੰ ਏਥੋਂ ਦੇ ਲੋਕ ਬਿਲਕੁਲ ਪਸੰਦ ਨਹੀਂ ਕਰਦੇ। ਥੋੜ੍ਹੇ ਚਿਰ ਪਿੱਛੋਂ ਲੋਕ ਏਸ ਤਰ੍ਹਾਂ ਖਿੰਡ-ਪੁੰਡ ਗਏ ਜਿਵੇਂ ਕਦੇ ਇਕੱਠ ਹੋਇਆ ਹੀ ਨਾ ਹੋਵੇ। ਇਕੱਲੇ ਮਨਿਸਟਰ ਸਾਹਿਬ ਅਤੇ ਨਾਲ ਆਏ ਥੋੜ੍ਹੇ ਜਿੰਨੇ ਆਦਮੀ ਹੀ ਬਾਕੀ ਰਹਿ ਗਏ।

—0— —0— —0—

ਵਾਪਸ ਜਾਨਾਣੇ ਆ ਕੇ ਸਤਿਗੁਰੂ ਜੀ ਨੇ ਜਾਨਾ ਰਾਮ ਦੇ ਖੂਹ ਉੱਤੇ ਆ ਦਰਸ਼ਨ ਦਿੱਤੇ। ਸਭ ਪਾਸੇ ਪਾਣੀ ਦੀ ਮੰਗ ਸੀ। ਖੂਹ ਤੇ ਹਵਨ ਕਰ ਕੇ ਪ੍ਰਸ਼ਾਦ ਕਰਵਾਇਆ ਗਿਆ ਅਤੇ ਅਰਦਾਸ ਕੀਤੀ ਗਈ। ਹੇ ਅਕਾਲ ਪੁਰਖ ਖੂਹ ਨੂੰ ਪਾਣੀ ਨਾਲ ਭਰਦੇ। ਜੋ ਕਦੇ ਸੁਕੇ ਹੀ ਨਾ। ਇਸ ਤਰ੍ਹਾਂ ਤਿੰਨ ਖੂਹਾਂ ਉੱਤੇ ਹੋਰ ਅਰਦਾਸਾਂ ਕਰਕੇ ਅਤੇ ਹਵਨ ਯੱਗ ਕਰ ਕੇ ਬੇਨਤੀ ਕੀਤੀ ਗਈ।

ਇਹਨਾਂ ਖੂਹਾਂ ਦਾ ਪਾਣੀ ਬਹੁਤ ਹੀ ਡੂੰਘਾਈ ਤੇ ਹੈ ੨੦-੨੫ ਹਾਰਸ ਪਾਵਰ ਦੀ ਬਿਜਲੀ ਦੀ ਮੋਟਰ ਮਸਾਂ ਹੀ ਢਾਈ-ਤਿੰਨ ਇੰਚ ਪਾਣੀ ਦਿੰਦੀ ਹੈ। ਜੋ ਖੇਤੀ ਵਾਸਤੇ ਬਹੁਤ ਥੋੜ੍ਹਾ ਹੈ। ਪੱਥਰ ਪਾੜ ਕੇ ਪਾਣੀ ਕੱਢਣਾ ਸੌਖਾ ਕੰਮ ਨਹੀਂ ਹੈ। ਦੋ ਸੌ ਫੁਟ ਖੂਹ ਦੀ ਡੂੰਘਾਗੀ ਤੇ ਫਿਰ ਦੋ-ਤਿੰਨ ਸੌ ਫੁਟ ਨਾਲਾਂ ਬੋਰ ਕਰਨੀਆਂ, ਪਰ ਏਥੋਂ ਦੇ ਬਹਾਦਰ ਲੋਕ ਲੱਖਾਂ ਰੁਪਏ ਖਰਚ ਕੇ ਆਪਣੇ ਆਪ ਨੂੰ ਜਿਊਂਦਾ ਰੱਖਣ ਲਈ, ਇਹ ਸਭ ਕੁਝ ਕਰਦੇ ਹਨ। ਜੇ ਹੇਠਾਂ ਰੇਤਾ ਆ ਗਿਆ ਤਾਂ ਪੌਂ ਬਾਰਾਂ—ਨਹੀਂ ਤਿੰਨ ਕਾਣੇ। ਇਥੋਂ ਦੀ ਸਭ ਤੋਂ ਵੱਡੀ ਰੌਣਕ ਬੀਬੀਆਂ ਦੀ ਹੁੰਦੀ ਸੀ ਜੋ ਖੂਹਾਂ ਉਤੇ ਪਹਿਲਾਂ ਹੀ ਹਾਜ਼ਰ ਹੋ ਕੇ ਮਿੱਠੇ-ਮਿੱਠੇ ਗੀਤ ਗਾਉਂਦੀਆਂ ਸਨ। ਜਿਵੇਂ ਤੇ ਜਿਨ੍ਹਾਂ ਲੋਕਾਂ ਤਰਦਦ ਕਰਦੇ ਹਨ ਕਿਤੇ ਸਰਕਾਰ ਵੀ ਇਹਨਾਂ ਦੀ ਦਿਲ ਖੋਲ੍ਹ ਕੇ ਮਦਦ ਕਰੇ ਤਾਂ ਇਹ ਧਰਤੀ ਗੁਲਜ਼ਾਰ ਬਣ ਸਕਦੀ ਹੈ। ਕਿਤੇ ਰੇਤ ਦਾ ਨਿਸ਼ਾਨ ਨਹੀਂ। ਬਿਲਕੁਲ ਸਾਫ ਤੇ ਪੱਧਰੀ ਧਰਤੀ, ਜਿਸ ਨੂੰ ਮੀਂਹ ਦੀ ਆਸ



Sri Satguru Jagjit Singh Ji eLibrary NamdhariElibrary@gmail.com

ਉੱਤੇ ਹੀ ਇਹ ਲੋਕ ਟਰੈਕਟਰਾਂ ਨਾਲ ਵਾਹ ਕੇ ਸੁਆਰ ਰਖਦੇ ਹਨ ਅਤੇ ਰੋਜ਼ਾਨਾ ਬਦਲਾਂ ਦੀ ਉਡੀਕ ਵਿਚ ਅਰਦਾਸਾਂ ਕਰਦੇ ਅਤੇ ਭਜਨ ਗਾਉਂਦੇ ਰਹਿੰਦੇ ਹਨ ।

## ਵਾਪਸ ਨਾਗੌਰ

ਦੋ ਵਜੇ ਦੁਪਹਿਰੇ ਨਾਗੌਰ ਜਾ ਦਰਸ਼ਨ ਦਿੱਤੇ ਸਤਿਗੁਰੂ ਜੀ ਨੇ । ਸਿੱਧੇ "ਰਾਮ ਪੋਲ" । ਏਥੇ ਵੀ ਹਵਨ ਕੀਤਾ ਅਤੇ ਨਿਤਨੇਮ ਕੀਤਾ ਇਕ ਘੰਟਾ । ਇਸ ਵਿਚ ਸ਼ਹਿਰ ਦੀਆਂ ਬੀਬੀਆਂ ਅਤੇ ਆਦਮੀਆਂ ਨੇ ਵੀ ਹਿੱਸਾ ਲਿਆ । ਜੋ ਜੋ ਕਿਸੇ ਨੇ ਆਪਣੇ ਗੁਰੂ ਪਾਸੋਂ ਮੰਤਰ ਲਿਆ ਸੀ, ਉਸੇ ਦਾ ਇਕ ਘੰਟਾ ਜਾਪ ਕੀਤਾ ਅਤੇ ਕਈ ਸਰੀਰਾਂ ਨੇ ਭਜਨ ਵੀ ਪੁੱਛਿਆ । 'ਰਾਮ ਪੋਲ' ਧਰਮਸ਼ਾਲਾ ਨੂੰ ਪੰਜ ਹਜ਼ਾਰ ਰੁਪਏ, ਏਸ ਦੇ ਫਰਸ਼ਾਂ ਨੂੰ ਪੱਕਾ ਕਰਨ ਵਾਸਤੇ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੇ ਆਪਣੇ ਖਜ਼ਾਨੇ ਵਿਚੋਂ ਤੇ ਫਿਰ ਜੋਧ ਪੁਰ ਵਲ ਕੂਚ ਕਰ ਦਿੱਤਾ ।

## ਜੋਧਪੁਰ

ਹੁਣ ਧਰਤੀ ਕੁਝ ਨਵੇਂ ਰੂਪ ਵਿਚ ਸਾਹਮਣੇ ਆ ਰਹੀ ਸੀ । ਥਾਂ ਪਰ ਥਾਂ ਛੋਟੀਆਂ-ਛੋਟੀਆਂ ਪੱਕੀਆਂ ਪਹਾੜੀਆਂ ਮਾੜੀ ਮੋਟੀ ਹਰਿਆਈ । ਜਿਵੇਂ ਪੰਜਾਬ ਵਿਚ ਬੂਟੀਆਂ ਉਗੀਆਂ ਹੁੰਦੀਆਂ ਹਨ ਬੰਜਰ ਥਾਵਾਂ ਵਿਚ । ਬੱਸ ਏਨੀ ਹੀ ਰੌਣਕ । ਪਾਣੀ ਤਾਂ ਕਿਤੇ ਨਜ਼ਰ ਨਹੀਂ ਸੀ ਆ ਰਿਹਾ । ਪਰ ਆਬਾਦੀ ਜ਼ਰੂਰ ਕਿਤੇ ਨਾ ਕਿਤੇ ਨਜ਼ਰੀਂ ਪੈ ਜਾਂਦੀ ।

ਤੇਜ਼ ਰਫ਼ਤਾਰ ਗੱਡੀਆਂ ਛੇਤੀ-ਛੇਤੀ ਸੀਨ ਬਦਲ ਰਹੀਆਂ ਸਨ । ਜਿਸ ਵਾਸਤੇ ਏਹ ਖੁਸ਼ਕ ਸੀਨ ਵੀ ਸਾਡੇ ਵਾਸਤੇ ਮਨਮੋਹਕ ਬਣ ਰਿਹਾ ਸੀ । ਉਧਰ ਸੂਰਜ ਅਸਤ ਹੋ ਰਿਹਾ ਸੀ ਤੇ ਇਧਰ ਪਹਾੜੀਆਂ ਵਿਚ ਲੁਕਿਆ ਜੋਧਪੁਰ ਉਦੈ ਹੋ ਰਿਹਾ ਸੀ । ਸਰਦਾਰ ਗੁਰਦਿਆਲ ਸਿੰਘ ਪੁੱਤਰ ਸ: ਕਰਤਾਰ ਸਿੰਘ ਪਧਾਨਿਆਂ ਦਾ ਪੰਜਾਬ ਵਿਚੋਂ ਆ ਕੇ ਇਥੇ ਸਰਵਿਸ ਕਰ ਰਿਹਾ ਸੀ ਤੇ ਉਸੇ ਦੇ ਉੱਦਮ ਨਾਲ ਦੋ ਦਿਨ ਦਾ ਮੇਲਾ ਸਤਿਗੁਰ ਜੀ ਨੇ ਉਸ ਨੂੰ ਬਖ਼ਸ਼ਿਸ਼ ਕਰ ਦਿੱਤਾ ਸੀ । ਸਰਦਾਰ ਜੀ ਨੇ ਇਥੇ ਆਪਣਾ ਚੰਗਾ ਪ੍ਰਭਾਵ ਬਣਾਇਆ ਹੋਇਆ ਹੈ । ਸਾਰਿਆਂ ਦੀਵਾਨਾਂ ਵਿਚ ਖੁੱਲ੍ਹੀ ਸਿੱਖ ਸੰਗਤ ਨੇ ਜੈਨ ਧਰਮਸ਼ਾਲਾ ਵਿਚ ਭਰਪੂਰ ਰੌਣਕ ਬਣਾ ਦਿੱਤੀ ਸੀ । ਦੁਪਹਿਰ ਦੇ ਦੀਵਾਨ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਆਪਣਾ ਪ੍ਰਵਚਨ ਇਸ ਤਰ੍ਹਾਂ ਸ਼ੁਰੂ ਕੀਤਾ—

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਅਜੇ ਨਾਲੀ ਉਤੇ ਸਿਰਸੇ ਦਾ ਇਲਾਕਾ ਨਾਮਧਾਰੀ ਕਾਲੋਨੀ ਬਣਾ-ਉਣ ਵਾਸਤੇ ਹੀ ਖਰੀਦਿਆ ਸੀ । ਬਹੁਤ ਥੋੜ੍ਹੇ ਸਿੰਘ, ਇਥੇ ਆ ਕੇ ਰਹਿਣੇ ਸ਼ੁਰੂ ਹੋਏ ਸਨ । ਅੰਗਰੇਜ਼ ਦੀ ਜਾਗੀਰ ਦਾ ਇਹ ਇਲਾਕਾ ਨਿਰੋਲ ਮੁਸਲਮਾਨ ਸੀ । ਜੋ ਚੰਦਰੇ ਕੰਮਾਂ ਵਾਸਤੇ ਮਸ਼ਹੂਰ ਸਨ । ਇਲਾਕਾ ਪੂਰੇ ਦਾ ਪੂਰਾ ਜੰਗਲ ਸੀ । ਖੇਤੀ ਬਹੁਤ ਵਿਰਲੀ ਸੀ । ਪਾਣੀ ਬਹੁਤ ਘੱਟ । ਨਾਲੀ ਉੱਤੇ ਹੀ ਸਾਰੇ ਪਿੰਡਾਂ ਦਾ ਦਾਰੋ-ਮਦਾਰ ਸੀ । ਸੰਨ ੧੯੪੭ ਦੀ ਗੱਲ ਹੈ ਮੁਸਲਮਾਨਾਂ ਨੇ ਦੋ ਨਾਮਧਾਰੀ ਸਿੱਖਾਂ ਨੂੰ ਕਤਲ ਕਰਕੇ ਲਾਸ਼ਾਂ ਗੁੰਮ ਕਰ ਦਿੱਤੀਆਂ ਸਨ ।

ਮੁਸਲਮਾਨ ਇਥੇ ਮਨਮਰਜ਼ੀ ਕਰਦੇ ਸਨ । ਖਾਲਸੇ ਦੇ ਆਉਣ ਨਾਲ ਅੰਦਰੋਂ ਉਹ ਡਰ ਗਏ ਸਨ ਪਰ ਬਹੁਤੇ ਹੋਣ ਕਰਕੇ ਸ਼ੇਰ ਬਣੇ ਬੈਠੇ ਸਨ ।

ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਜੀਵਨ ਨਗਰ ਪਹੁੰਚੇ ਤਾਂ ਉਹਨਾਂ ਦਾ ਢਾਣਾ ਕੱਠਾ ਹੋ ਕੇ ਸਤਿਗੁਰੂ ਜੀ ਦੇ ਆਣ ਹਾਜ਼ਰ ਹੋਇਆ । ਕਹਿਣ ਲੱਗੇ—ਸਾਡੀ ਬਕਰੀਦ ਆ ਗਈ ਹੈ । ਸਾਨੂੰ ਗਾਂ ਮਾਰਨ ਦੀ ਇਜਾਜ਼ਤ ਦਿਓ ।

ਸਤਿਗੁਰੂ ਜੀ ਫ਼ਰਮਾਇਆ—ਅਸੀਂ ਤਾਂ ਕੀੜੀ ਵੀ ਨਹੀਂ ਮਾਰਦੇ । ਗਾਂ ਮਾਰਨ ਦੀ ਇਜ਼ਾਜਤ ਕਿਵੇਂ ਦੇ ਸਕਦੇ ਹਾਂ ।

ਮੁਸਲਮਾਨਾਂ ਕਿਹਾ—ਗਾਂ ਮਾਰਨਾ ਸਾਡਾ ਧਰਮ ਹੈ ।

ਸਤਿਗੁਰੂ ਜੀ ਕਿਹਾ—ਗਾਂ ਨੂੰ ਬਚਾਉਣਾ ਸਾਡਾ ਧਰਮ ਹੈ ।

ਮੁਸਲਮਾਨਾਂ ਦੀ ਪੰਚਾਇਤ ਜ਼ਰਬ ਖਾਧੇ ਸੱਪ ਵਾਂਗ, ਵਿਹੁ ਘੋਲਦੀ ਚਲੀ ਗਈ ।

ਅਮਰਾਸਰ ਇਕ ਸੰਤ ਤਬੀਅਤ ਦਾ ਮੁਸਲਮਾਨ ਜ਼ਹੀਰੁਦੀਨ ਰਹਿੰਦਾ ਸੀ । ਜਿਸ ਦੀ ਮੁਸਲਮਾਨ ਬੜੀ ਇੱਜ਼ਤ ਕਰਦੇ ਸਨ । ਮਾਰੋ ਮਾਰ ਕਰਦੇ ਸਾਰੇ ਉਸ ਦੇ ਦਰਵਾਜ਼ੇ ਅੱਗੇ ਆਣ ਖਲੋਤੇ ।

ਧਾੜ ਕੋਲ ਹੁਣ ਬਰਛੇ, ਗੰਡਾਸੀਆਂ ਤੇ ਬੰਦੂਕਾਂ ਸਨ । ਜਿਹਨਾਂ ਨਾਲ ਉਹ ਸ਼ਿਕਾਰ ਖੇਡਦੇ ਹੁੰਦੇ ਸਨ । ਉਸ ਨੂੰ ਸਾਰੀ ਕਹਾਣੀ ਜਾ ਸੁਣਾਈ ਅਤੇ ਕਹਿਣ ਲੱਗੇ ਸਾਡੀ ਅਗਵਾਈ ਕਰੋ । ਅਸੀਂ ਅੱਜ ਹੀ ਸਿੱਖਾਂ ਨੂੰ ਏਥੋਂ ਭਜਾ ਦਿਆਂਗੇ । ਹੁਣ ਇਹ ਰਹਿਣਗੇ, ਜਾਂ ਅਸੀਂ ।

ਜ਼ਹੀਰੁਦੀਨ ਖਾਨ ਨੇ ਕਿਹਾ—ਭਲਿਓ ਲੋਕੋ ਸਭ ਗੱਲ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਿਚਾਰ ਕੇ ਹੀ ਕਰਨੀ ਚਾਹੀਦੀ ਹੈ। ਸਿੱਖ ਏਨੇ ਕਮਜ਼ੋਰ ਨਹੀਂ ਜਿੰਨੇ ਤੁਸੀਂ ਸਮਝਦੇ ਹੋ। ਹਾਂ ਤੇ ਇਹਨਾਂ ਦਾ ਗੁਰੂ ਬੜਾ ਡਾਢਾ ਹੈ। ਜਿਸ ਵਾਸਤੇ ਸਿੱਧੀ ਟੱਕਰ ਬਿਲਕੁਲ ਨਾ-ਮੁਮਕਿਨ ਹੈ।

ਪਰ ਉਹ ਗੁੱਸੇ ਨਾਲ ਭੜਕੇ ਹੋਏ ਸਨ। ਇਹੋ ਜਿਹੀਆਂ ਸਮਝੌਤੀਆਂ ਕਦੋਂ ਸੁਣਦੇ ਸਨ। ਉਹਨਾਂ ਕਿਹਾ ਇਹ ਬਿਲ-ਕੁਲ ਨਹੀਂ ਹੋਵੇਗਾ। ਅਸੀਂ ਜਹਾਦ ਕਰਾਂਗੇ। ਮਰਾਂਗੇ ਜਾਂ ਮਾਰਾਂਗੇ।

ਜ਼ਹੀਰੁਦੀਨ ਖਾਂ ਨੇ ਕਿਹਾ—ਠੀਕ ਹੈ। ਮੇਰੀ ਇਕ ਗੱਲ ਸੁਣ ਲਉ। ਪਹਿਲਾਂ ਆਪਾਂ ਇਥੇ ਹੀ ਪ੍ਰੀਖਿਆ ਕਰ ਲੈਂਦੇ ਹਾਂ। ਤੁਹਾਡੇ ਵਿਚੋਂ ਬੰਦੂਕ ਦਾ ਨਿਸ਼ਾਨਚੀ ਜੀਵਨ ਨਗਰ ਵਾਲੇ ਪਾਸੇ ਨਿਸ਼ਾਨਾਂ ਸਾਧਕੇ, ਬੰਦੂਕ ਚਲਾਏ। ਜੇ ਚਲ ਗਈ ਤਾਂ ਮੈਂ ਵੀ ਤੁਹਾਡੇ ਨਾਲ ਹੋਵਾਂਗਾ ਅਤੇ ਜੇ ਨਾ ਚਲੀ ਤਾਂ ਤੁਹਾਡਾ ਰਾਹ ਹੋਰ ਅਤੇ ਮੇਰਾ ਹੋਰ।

ਇਕ ਨੇ ਅੱਗੇ ਵਧ ਕੇ ਬੰਦੂਕ ਦਾ ਫਾਇਰ ਕੀਤਾ। ਜੋ ਮਿਸ ਹੋ ਗਿਆ। ਫੇਰ ਦੂਸਰੇ ਨੇ ਕੀਤਾ। ਤਾਂ ਵੀ ਫਿਸਕ ਹੀ ਪੱਲੇ ਪਈ। ਤੀਸਰਾ ਵਾਰ ਵੀ ਵਿਅਰਥ ਗਿਆ।

ਜ਼ਹੀਰੁਦੀਨ ਨੇ ਕਿਹਾ—ਵੇਖ ਲਿਆ? ਬੰਦੂਕਾਂ ਉਸ ਵਲੀ ਅੱਲਾ ਵਲ ਮੂੰਹ ਹੀ ਨਹੀਂ ਕਰਦੀਆਂ, ਤੁਸੀਂ ਕਿਹੜੀ ਹੈਂਸ ਨਾਲ ਮੁਕਾਬਲਾ ਕਰਨ ਦੀਆਂ ਧਮਕੀਆਂ ਦੇ ਰਹੇ ਹੋ।

ਸਾਰੇ ਆਪੋ ਆਪਣੇ ਮੂੰਹ ਲੈ ਕੇ ਘਰੋ ਘਰੀ ਤੁਰ ਗਏ। ਇਹ ਹੈ ਪੂਰੇ ਸਤਿਗੁਰੂ ਦੀ ਸ਼ਕਤੀ। ਸਾਰੇ ਗੱਜ ਕੇ ਆਖੋ—

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

ਇਸ ਪਿਛੋਂ ਕਰਨਲ ਸਾਹਿਬ ਨੇ ਸਭ ਦੀ ਵਾਕਫ਼ੀਅਤ ਸਤਿਗੁਰੂ ਜੀ ਨਾਲ ਕਰਾਈ। ਇਸ ਸੀਨ ਦਾ ਪੂਰਾ ਆਨੰਦ ਤੁਸੀਂ ਗੁਰਮੁਖ ਸਿੰਘ ਦੀ ਤਿਆਰ ਕੀਤੀ ਵੀਡੀਓ ਫਿਲਮ ਵੇਖ ਕੇ ਹੀ ਲੈ ਸਕਦੇ ਹੋ।

ਕਰਨਲ ਮਹਿੰਦਰ ਸਿੰਘ ਦੇਰ ਤੋਂ ਰੀਟਾਇਰ ਹੋ ਚੁੱਕੇ ਹਨ ਫੌਜ ਵਿਚੋਂ। ਆਪ ਦੇ ਸ਼ੌਕ ਬੜੇ ਨਿਰਾਲੇ ਹਨ। ਆਪ ਘੋੜਿਆਂ, ਕੁੱਤਿਆਂ ਅਤੇ ਆਦਮੀਆਂ ਦੇ ਬਹੁਤ ਵਧੀਆ ਬੁੱਤ, ਐਲਮੋਨੀਅਮ ਦੇ ਬਣਾ ਕੇ, ਆਦਮੀ ਨੂੰ ਹੈਰਾਨੀ ਵਿਚ ਪਾ ਦਿੰਦੇ ਹਨ। ਉਹਨਾਂ ਦਾ ਘੋੜਿਆਂ ਪ੍ਰਤੀ ਵਿਸ਼ੇਸ਼ ਲਗਾਓ ਹੈ।

ਬੁੱਤ-ਸਾਜ਼ੀ ਦੇ ਕ੍ਰਿਸ਼ਮੇ ਵਿਚ ਮਾਡਲ ਬਣਾ ਕੇ ਆਪ ਨੇ ਘੋੜੇ ਨੂੰ ਏਸ ਤਰ੍ਹਾਂ ਪੇਸ਼ ਕੀਤਾ ਹੈ। ਘੋੜੇ ਨੂੰ ਮੱਖੀ ਲੜਦੀ ਹੈ। ਜੋ ਉਸ ਨੂੰ ਬਹੁਤ ਤੰਗ ਕਰਦੀ ਹੈ। ਅਤੇ ਕਿਸੇ ਤਰ੍ਹਾਂ ਵੀ ਉਸ ਦਾ ਪਿੱਛਾ ਨਹੀਂ ਛੱਡਦੀ। ਘੋੜਾ ਪੁੱਠਾ ਸਿੱਧਾ ਹੇਠਾਂ ਉਤੇ ਹੋ ਕੇ ਜਾਨ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ। ਅੰਤ ਨੂੰ ਅੱਠਵੀਂ ਪੁਜ਼ੀਸ਼ਨ ਵਿਚ ਕਾਮਯਾਬੀ ਹਾਸਲ ਹੁੰਦੀ ਹੈ। ਉਸ ਵੇਲੇ ਘੋੜੇ ਦਾ ਟੌਹਰ ਵੇਖਣ ਵਾਲਾ ਹੁੰਦਾ ਹੈ।

ਸਤਿਗੁਰੂ ਜੀ ਨੇ ਇਸ ਮਾਡਲ ਨੂੰ ਬਹੁਤ ਪਸੰਦ ਕੀਤਾ ਅਤੇ ਹੁਕਮ ਕੀਤਾ ਕਿ ਇਕ ਮਾਡਲ ਸਾਨੂੰ ਵੀ ਬਣਾ ਕੇ ਦਿਉ, ਘੋੜਿਆਂ ਦਾ।

ਸਰਦਾਰ ਜੀ ਨੇ ਇਕ ਵਧੀਆ ਸੁਨਹਿਰੀ, ਕੁੱਤੇ ਦਾ ਮਾਡਲ ਭੇਟ ਕੀਤਾ। ਅਤੇ ਹੋਰ ਕਈ ਮਾਡਲ ਬਣਾ ਕੇ ਦੇਣ ਦਾ ਵੀ ਵਾਅਦਾ ਕੀਤਾ। ਰਾਤ ਦੇ ਭੋਜਨ ਦਾ ਪ੍ਰਬੰਧ ਵੀ ਸਰਦਾਰ ਜੀ ਨੇ ਕਰ ਰੱਖਿਆ ਸੀ। ਸਤਿਗੁਰੂ ਜੀ ਤਾਂ ਸੋਧੀ ਸਨ। ਪਰ ਸਾਥੋਂ ਵੀ ਕੁਝ ਬੇ-ਪ੍ਰਵਾਹੀ ਹੋ ਗਈ। ਤੇ ਅਸੀਂ ਸਾਰੇ ਸਤਿਗੁਰੂ ਜੀ ਦੇ ਨਾਲ ਵਾਪਸ ਆ ਗਏ। ਜਿਸ ਵਾਸਤੇ ਸਾਨੂੰ ਸਤਿਗੁਰੂ ਜੀ ਤੋਂ ਮਿੱਠੀ ਜਿਹੀ ਝਿੜਕੀ ਵੀ ਸੁਣਨੀ ਪਈ।

○ ○

ਸ: ਗੁਰਦਿਆਲ ਸਿੰਘ ਜੀ ਬੜੇ ਹੱਸਮੁੱਖ ਤੇ ਮਿਲਾਪੜੇ ਸੱਜਣ ਹਨ। ਇਹਨਾ ਨੇ ਜਿਸ ਤਰ੍ਹਾਂ ਸਾਰੀ ਸੰਗਤ ਦਾ ਸੌਣ-ਬਹਿਣ ਅਤੇ ਇਸ਼ਨਾਨ ਆਦਿ ਦਾ ਪ੍ਰਬੰਧ ਕੀਤਾ, ਇਹ ਇਹਨਾਂ ਦਾ ਹੀ ਕੰਮ ਸੀ।

ਇਕੱਲਾ ਆਦਮੀ ਦੋ ਦਿਨ ਦਾ ਮੇਲਾ, ਵਧੀਆ ਖਾਣ ਪੀਣ ਦਾ ਇੰਤਜ਼ਾਮ ਇਹ ਇਕ ਕਰਾਮਾਤ ਹੀ ਸੀ। ਅਜਿਹਾ ਕੰਮ ਕਰਦਾ ਤਾਂ ਸਤਿਗੁਰੂ ਹੀ ਹੈ—ਪਰ...

ਆਪਣਾ ਹੱਥ ਅੰਦਰ ਰੱਖ ਕੇ।

ਰਾਤ ਨੂੰ ਸਰਦਾਰ ਜੀ ਦੇ ਆਪਣੇ ਘਰ ਸਤਿਗੁਰੂ ਜੀ ਦਰਸ਼ਨ ਦਿੱਤੇ। ਸਾਰੇ ਪਰਿਵਾਰ ਨੂੰ ਖੁਸ਼ੀਆਂ ਦੇ ਕੇ ਨਿਹਾਲ ਕੀਤਾ।

ਰੱਬ ਦੀ ਮਿਹਰ ਸਦਕਾ ਸਾਰਾ ਰਾਜਸਥਾਨ ਹੀ ਥੁੜ ਦਾ ਮਾਰਿਆ ਹੋਇਆ ਹੈ। ਪਾਣੀ ਦੀ ਕਮੀ, ਬਾਲਣ ਦੀ ਕਮੀ, ਰਾਸ਼ਨ ਦੀ, ਖਾਸ ਤੌਰ ਉਤੇ ਕਣਕ ਦੀ ਕਮੀ, ਕਮੀ ਹੀ ਕਮੀ। ਵਾਧੂ ਸਿਰਫ ਰੇਤ ਹੈ ਅਤੇ ਪ੍ਰੇਮ ਪਿਆਰ ਵੀ ਵਾਧੂ ਹੈ। ਸ: ਗੁਰਦਿਆਲ ਸਿੰਘ ਨੇ ਕੋਈ ਵੀ ਕਮੀ, ਸਾਧ ਸੰਗਤ ਨੂੰ ਮਹਿਸੂਸ ਨਹੀਂ ਸੀ ਹੋਣ ਦਿੱਤੀ।

ਆਈ. ਟੀ. ਆਈ. ਦੇ ਡਾਇਰੈਕਟਰ ਮੋਹਨ ਲਾਲ ਕਪਿਲ ਅਤੇ ਪੰਜ ਘਰੀਂ ਹੋਰ ਸਤਿਗੁਰੂ ਜੀ ਚਰਨ ਪਾਏ। ਪੰਦਰਾਂ ਆਦਮੀਆਂ ਨੂੰ ਭਜਨ ਪੁੱਛ ਕੇ ਜਨਮ ਸਫ਼ਲਾ ਕੀਤਾ।

ਜੋਧਪੁਰ ਸਾਧ ਸੰਗਤ ਦੇ ਘਰੀਂ ਚਰਨ ਪੈਣ ਪਿਛੋਂ ਰਾਤ ਦੇ ਅੱਠ ਵਜੇ ਸ: ਮਹਿੰਦਰ ਸਿੰਘ ਕਰਨਲ ਨੂੰ ਜਾ



Sri Satguru Jagjit Singh Ji eLibrary NamdhariElibrary@gmail.com

ਨਿਵਾਜਿਆ। ਕਰਨਲ ਸਾਹਿਬ ਕਾਫ਼ੀ ਦੇਰ ਤੋਂ ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਹਨ ਹਨ ਅਤੇ ਭਜਨ ਪੁੱਛ ਕੇ ਮਾਸ ਸ਼ਰਾਬ ਦਾ ਮੁਕੰਮਲ ਤਿਆਗ ਕਰ ਰਖਿਆ ਹੈ। ਸਤਿਗੁਰੂ ਜੀ ਉਤੇ ਉਹਨਾਂ ਦੀ ਪੂਰਨ ਸ਼ਰਧਾ ਹੈ। ਜੋਧਪੁਰ ਦੇ ਰਾਜ ਘਰਾਣੇ ਤੋਂ ਲੈ ਕੇ ਸਾਰੇ ਅਫਸਰਾਂ ਲੀਡਰਾਂ ਅਤੇ ਸਰਕਰਦਾ ਆਦਮੀਆਂ ਨਾਲ ਇਨ੍ਹਾਂ ਦਾ ਡਾਢਾ ਰਸੂਖ ਹੈ। ਜਿਸ ਵਾਸਤੇ ਰਾਜ ਪਰਿ-ਵਾਰ ਅਤੇ ਸ਼ਹਿਰ ਦੇ ਪਤਵੰਤੇ ਸਤਿਗੁਰੂ ਜੀ ਦੇ ਸਵਾਗਤ ਵਾਸਤੇ ਆਪਣੇ ਘਰ ਪਹਿਲਾਂ ਹੀ ਸੱਦ ਲਏ ਸਨ।

ਸਭ ਤੋਂ ਪਹਿਲਾਂ ਚੌਧਰੀ ਅਜੀਤ ਸਿੰਘ ਕਮਿਸ਼ਨਰ ਜੈ ਪੁਰ ਨੇ ਜੋੜਾ ਲਾਹ ਕੇ ਨਮਸਕਾਰ ਕੀਤੀ ਅਤੇ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ। ਉਸ ਤੋਂ ਪਿਛੋਂ ਰਾਜਾ ਰਾਜ ਸਿੰਘ ਐਮ. ਪੀ. ਨੇ ਨਮਸਕਾਰ ਕੀਤੀ। ਕਰਨਲ ਮਹਿੰਦਰ ਸਿੰਘ ਨੇ ਨੰਗੇ ਪੈਰੀਂ ਆ ਕੇ ਮੱਥਾ ਟੇਕਿਆ ਮਹਿੰਦਰ ਸਿੰਘ ਨੇ ਵੀ ਆਣ ਨਮਸਕਾਰ ਕੀਤੀ। ਬਰਗੇਡੀਅਰ ਹਰਪਾਲ ਸਿੰਘ ਸਹੋਤਾ, ਮੈਡੀਕਲ ਅਫਸਰ ਜੋਧਪੁਰ। ਚੌਧਰੀ ਜਸਵੰਤ ਸਿੰਘ ਐਮ. ਐਲ. ਏ., ਰਾਓ ਰਾਜਾ ਮੰਗਲ ਸਿੰਘ ਮਹਾਰਾਜ ਸੁਭਾਗ ਸਿੰਘ ਹੋਰਾਂ ਵੀ ਗੁਰੂ ਚਰਨਾਂ ਵਿਚ ਨਮਸਕਾਰ ਕੀਤੀ। ਮਹਾਰਾਜਾ ਰਾਜ ਸਿੰਘ ਜੀ ਨੇ ਸਤਿਗੁਰੂ ਜੀ ਦੇ ਗਲ ਵਿਚ ਹਾਰ ਪਾਇਆ। ਜਨਰਲ ਮਲਿਕ, ਡਾਇਰੈਕਟਰ ਇੰਟੈਲੀਜੈਂਸ, ਕਪੂਰ ਸਾਹਿਬ, ਕੈਪਟਨ ਗਰਗ, ਕਰਨਲ ਸਵਰਨ ਸਿੰਘ, ਕਰਨਲ ਬੋਰਾ, ਕੈਪਟਨ ਹਰਬੀਰ ਸਿੰਘ, ਰਾਣੀ ਸਰੂਪ ਸਿੰਘ, ਰਾਣੀ ਦਲੀਪ ਸਿੰਘ, ਰਾਣੀ ਰਣ ਵਿਜੇ ਸਿੰਘ ਆਦਿ ਨੇ ਵੀ ਨਮਸਕਾਰ ਕੀਤੀ। ਅਤੇ ਸਾਰੇ ਹੀ ਅਫਸਰ ਅਤੇ ਉਨ੍ਹਾਂ ਦੀਆਂ ਔਰਤਾਂ ਇਕ ਲਾਈਨ ਬਣਾ ਕੇ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਖਲੋਤੇ ਰਹੇ।

ਇਥੇ ਹੀ ਬੈਠਿਆਂ ਸਤਿਗੁਰੂ ਜੀ ਫੁਰਮਾਇਆ—"ਅੱਜ ਅਸੀਂ ਅੰਗਰੇਜ਼ੀ ਸਭਿਅਤਾ ਤੋਂ ਪ੍ਰਭਾਵਿਤ ਹੋ ਕੇ ਆਪਣੀ ਸਭਿਅਤਾ ਭੁੱਲ ਰਹੇ ਹਾਂ। ਸਾਡੀ ਸਭਿਅਤਾ ਵਿਚ ਚਰਨੀਂ ਹੱਥ ਲਾਉਣਾ ਜ਼ਰੂਰੀ ਹੈ, ਜਦੋਂ ਕਿ ਬਾਹਰਲੀ ਸਭਿਅਤਾ ਹੈਲੋ ਹੈਲੋ ਨਾਲ ਕੰਮ ਸਾਰ ਲੈਂਦੀ ਹੈ। ਕਿੰਨਾ ਓਪਰਾਪਣ ਹੈ। ਜਾਪਾਨ ਨੇ ਆਪਣੀ ਸਭਿਅਤਾ ਨਹੀਂ ਛੱਡੀ। ਸਿਆਮ (ਥਾਈਲੈਂਡ) ਦਾ ਗਵਰਨਰ ਆਪਣੇ ਘਰ ਦਾ ਕੰਮ ਆਪਣੇ ਹੱਥੀਂ ਕਰਦਾ ਹੈ। ਝਾੜੂ ਵੀ ਖੁਦ ਦਿੰਦਾ ਹੈ ਕਈ ਵਾਰ। ਗਰੀਬਾਂ ਦੀ ਸੇਵਾ ਕਰਨੀ ਆਪਣਾ ਧਰਮ ਕਰਮ ਸਮਝਦਾ ਹੈ।

ਇਸ ਦੇ ਉਲਟ ਅਸੀਂ ਇਸ ਨੂੰ ਆਪਣਾ ਅਪਮਾਨ ਸਮਝਦੇ ਹਾਂ।

ਜੋਧਪੁਰ ਦਾ ਕਿਲਾ ਬਹੁਤ ਖੂਬਸੂਰਤ ਹੈ, ਜਿਸ ਨੂੰ ਵੇਖਣ ਲਈ ਸਾਰਿਆਂ ਦਾ ਜੀਅ ਕਰਦਾ ਸੀ। ਜਦੋਂ ਮੈਂ ਸਤਿਗੁਰੂ ਜੀ ਕੋਲ ਇਸ ਦਾ ਜ਼ਿਕਰ ਕੀਤਾ ਤਾਂ ਸਤਿਗੁਰੂ ਜੀ ਬਚਨ ਕੀਤਾ ਅਸੀਂ ਹੁਣ ਬਿਰਾਜਦੇ ਹਾਂ ਤੇ ਤੁਸੀਂ ਕਿਲਾ ਦੇਖ ਆਓ।

ਪੁਰਾਣੇ ਰਾਜਿਆਂ ਦੀ ਖੇਡ ਆਪਣੇ ਮਹੱਲਾਂ ਤਕ ਹੀ ਹੁੰਦੀ ਸੀ। ਬਹੁਤ ਉੱਚੀ ਪਹਾੜੀ ਉਤੇ ਕਿਲਾ। ਕਿਲੇ ਦੀ ਫਸੀਲ ਉਤੇ, ਕਈ ਕਿਸਮ ਦੀਆਂ ਵੰਨ ਸੁਵੰਨੀਆਂ, ਵੱਡੀਆਂ ਛੋਟੀਆਂ ਅਤੇ ਬਹੁਤ ਵੱਡੀਆਂ ਤੋਪਾਂ। ਏਹੋ ਨਜ਼ਾਰਾ ਹੀ ਸਾਨੂੰ ਸਭ ਤੋਂ ਸੋਹਣਾ ਲੱਗਾ। ਸਮੇਂ ਦੇ ਪੁਰਾਣੇ ਹਥਿਆਰ, ਕਪੜੇ, ਹਾਥੀਆਂ ਦੇ ਹੌਦੇ, ਪਾਲਕੀਆਂ, ਰਥ ਤੇ ਹੋਰ ਬਹੁਤ ਕੁਝ। ਜਿਸ ਨੂੰ ਗੁਰਮੁਖ ਸਿੰਘ ਨੇ ਬਹੁਤ ਵਧੀਆ ਢੰਗ ਨਾਲ ਵੀਡੀਓ ਕੈਮਰੇ ਵਿਚ ਬੰਦ ਕਰ ਲਿਆ।

ਸਾਰਾ ਸ਼ਹਿਰ ਕਿਲੇ ਦੇ ਪੈਰਾਂ ਵਿਚ ਸਮਾ ਜਾਂਦਾ ਹੈ। ਜੈਪੁਰ ਨੂੰ ਪਿੰਕ ਸਿਟੀ ਕਿਹਾ ਜਾਂਦਾ ਹੈ ਤੇ ਜੋਧ ਪੁਰ ਨੂੰ ਅਸੀਂ 'ਬਲਿਊ ਸਿਟੀ' ਦਾ ਨਾਮ ਦਿੱਤਾ ਹੈ। ਸ਼ਹਿਰ ਦਾ ਬਹੁਤਾ ਹਿੱਸਾ ਫਿਰੋਜ਼ੀ ਤੇ ਅਸਮਾਨੀ ਰੰਗ ਦਾ ਹੀ ਦਿਸਦਾ ਹੈ।

ਜੈਨ ਧਰਮਸ਼ਾਲਾ ਬਹੁਤ ਖੁਲ੍ਹੀ ਡੁਲ੍ਹੀ ਹੈ। ਇਸ ਵਿਚ ਦੀਵਾਨ ਲੰਗਰ ਅਤੇ ਸੌਣ-ਬਹਿਣ ਦਾ ਪੂਰਾ ਇੰਤਜ਼ਾਮ ਸੀ। ਸ੍ਰੀ ਸਤਿਗੁਰੂ ਜੀ ਵੀ ਧਰਮਸ਼ਾਲਾ ਵਿਚ ਹੀ ਬਿਰਾਜੇ।

ਜੈ ਪੁਰ ਇਥੋਂ ਬਹੁਤ ਦੂਰ ਸੀ। ਇਸ ਵਾਸਤੇ ਸਾਰੀ ਸੰਗਤ ਨੂੰ ਸੁਬ੍ਹਾ ਦੋ ਵਜੇ ਹੀ ਉਠਾ ਦਿੱਤਾ ਗਿਆ ਅਤੇ ਦੋ ਪੰਤਾਲੀ ਉੱਤੇ ਜੈਪੁਰ ਚਲ ਪਏ।

ਵੱਡੇ ਸ਼ਹਿਰ ਵਿਚੋਂ ਨਿਕਲਣਾ ਕਾਫ਼ੀ ਮੁਸ਼ਕਲ ਹੁੰਦਾ ਹੈ। ਸ: ਗੁਰਦਿਆਲ ਸਿੰਘ ਨੇ ਮੋਟਰ ਸਾਈਕਲ ਉਤੇ, ਕਾਫ਼ਲੇ ਨੂੰ ਰਸਤਾ ਦਿਖਲਾਇਆ ਅਤੇ ਫੇਰ......

—0—0—

ਸੰਤ ਕਿਰਪਾਲ ਸਿੰਘ ਝਬਰ ਮੈਨੂੰ ਕਹਿਣ ਲੱਗੇ—

ਸੰਤ ਜੀ। ਸਚੋ ਸੱਚ ਦੱਸੋ —ਪਿਆਲੀ ਚਾਹ ਨਾਲ ਕੀ ਬਣਦਾ ਹੈ; ਏਡੇ ਵੱਡੇ-ਵੱਡੇ ਆਦਮੀਆਂ ਦਾ? ਕੋਈ ਗੜਵੀ ਨਹੀਂ ਗਲਾਸ ਨਹੀਂ, ਸਿਰਫ 50 ਗਰਾਮ ਦੀ ਪਿਆਲੀ?

ਮੈਂ ਕਿਹਾ ਜੀ, ਬਣਨਾ ਕੀ ਸੀ। ਸਿਰਫ਼ ਪੇਟ ਗਰਮ ਹੋ ਜਾਂਦਾ ਹੈ। ਤੇ ਭਲ ਮੱਠੀ ਪੈ ਜਾਂਦੀ ਹੈ।

ਸੰਤਾਂ ਕਿਹਾ—ਝੂਠ-ਝੂਠ-ਝੂਠ। ਐਵੇਂ ਆਦਤਾਂ ਹੀ ਵਿਗੜੀਆਂ ਹੋਈਆਂ ਹਨ। ਮੈਂ ਕਿਹਾ—ਸੰਤ ਜੀ। ਤੁਸੀਂ ਠੀਕ ਹੀ ਕਹਿੰਦੇ ਹੋ।



Sri Satguru Jagjit Singh Ji eLibrary NamdhariElibrary@gmail.com

# ਜੈਪੁਰ

ਰਾਜਸਥਾਨ ਦੀ ਪ੍ਰਕਿਰਤੀ ਬਾਬਤ ਜਦੋਂ ਤੁਸੀਂ ਸੋਚੋਗੇ ਤਾਂ ੧੦-੨੦ ਨਹੀਂ ਸਗੋਂ ਸੈਂਕੜੇ ਕਿਲੋਮੀਟਰਾਂ ਦਾ ਧਿਆਨ ਕਰਨਾ ਪਵੇਗਾ। ਜੈਪੁਰ ਵੀ ਜੋਧਪੁਰ ਤੋਂ ੨੮੦ ਕਿਲੋਮੀਟਰ ਦੂਰ ਹੈ। ਪਰ ਰਾਹ ਵਿਚ ਅਜਮੇਰ ਸ਼ਰੀਫ ਪੈਂਦਾ ਹੈ, ਜੋ ਸਾਰੇ ਦਾ ਸਾਰਾ ਸ਼ਹਿਰ ਹੀ ਪਹਾੜੀਆਂ ਵਿਚ ਗੁਆਚ ਗਿਆ ਹੈ। ਅਸੀਂ ਤਾਂ ਦਸ ਵੀਹ ਹਜ਼ਾਰ ਦਾ ਹੀ ਅੰਦਾਜ਼ਾ ਕੀਤਾ ਸੀ ਪਰ ਸ: ਸੁਰਿੰਦਰ ਸਿੰਘ ਜੀ ਨੇ ਕਿਹਾ ਕਿ ਅਜਮੇਰ ਦੀ ਆਬਾਦੀ ਪੰਜ ਲੱਖ ਤੋਂ ਉੱਪਰ ਹੈ। ਹੈ ਨਾ ਹੈਰਾਨੀ ਵਾਲੀ ਗੱਲ। ਦੂਸਰੀ ਧਰਤੀ ਨਾਲੋਂ ਇਥੋਂ ਦੇ ਪਹਾੜਾਂ ਵਿਚ ਥੋੜ੍ਹੀ ਜਿੰਨੀ ਹਰੇਵਾਈ ਜ਼ਿਆਦਾ ਦਿਸ ਰਹੀ ਸੀ। ਇਸ ਧਰਤੀ ਦਾ ਜੀਵਨ ਬੇ-ਹੱਦ ਸਾਦਾ ਤੇ ਸੂਛ ਹੈ। ਸੰਖੇਪ ਤੋਂ ਵਧ ਸੰਖੇਪ ਅਤੇ ਸੰਤੋਖ ਦੀ ਹੱਦ ਤਕ ਪਤਲਾ। ਬਸੰਤ ਰੁਤ ਵਿਚ ਵੀ ਇਥੇ ਕਿਸੇ ਤਰ੍ਹਾਂ ਦਾ ਬਸੰਤੀ ਪ੍ਰਭਾਵ ਨਹੀਂ ਸੀ ਦਿਸ ਰਿਹਾ। ਸਿਰਫ ਲੱਖਾਂ ਦੀ ਗਿਣਤੀ ਵਿਚ ਜੰਡਾਂ ਉਤੇ ਜ਼ਰੂਰ ਲੁੰਗਦੀ ਪ੍ਰਤੀਤੀ ਹੋ ਰਹੀ ਸੀ। ਬਾਕੀ ਤਾਂ ਸਭ ਥਾਂ, ਧੁਪ ਤੇ ਧੂੜ ਹੀ ਵਿਆਪ ਰਹੀ ਸੀ। ਗੰਜੇ ਖੁਸ਼ਕ ਪਹਾੜ, ਸੁਕੀ-ਸੜੀ ਧਰਤੀ, ਨੰਗ-ਧੜੰਗੇ ਪਿੰਡ, ਵਿਰਲੀ ਵਿਰਲੀ ਆਬਾਦੀ ਮਸਾਂ ਵੇਖਣ ਨੂੰ ਮਿਲਦੀ ਕਿਤੇ। ਸ਼ਹਿਰਾਂ ਵਿਚ ਤਾਂ ਥੋੜ੍ਹੀ ਬਹੁਤ ਚਹਿਲ-ਪਹਿਲ ਜ਼ਰੂਰ ਸੀ ਪਰ ਵਿਚ ਵਿਚਾਲੇ, ਨਿੱਕੇ-ਨਿੱਕੇ ਦੁਕਾਨਦਾਰ ਵੀ ਕਿਤੇ-ਕਿਤੇ ਮੰਡੀ ਬਣਾ ਕੇ ਗੁਜ਼ਾਰਾ ਕਰਦੇ ਦਿਸ ਰਹੇ ਸਨ।

ਜਿਸ ਤਰ੍ਹਾਂ ਅਰਬ ਵਿਚ ਨਦੀਆਂ ਰੇਤਲੇ ਟਿੱਬਿਆਂ ਵਿਚ ਹੀ ਗੁਆਚ ਜਾਂਦੀਆਂ ਹਨ—ਇਸੇ ਤਰ੍ਹਾਂ ਦੋ ਦਰਿਆਵਾਂ ਦਾ ਪਾਣੀ—ਕੋਸ਼ਿਸ਼ ਕੀਤਿਆਂ ਹੀ ਦਿਸਦਾ ਹੈ। ਜ਼ਰੂਰਤ ਸੀ ਇਥੇ ਇਸਰਾਈਲ ਦੀ ਨਕਲ ਕਰਨ ਦੀ। ਜਿਸ ਨੇ ਨਿਰੋਲ ਰੇਤਲੇ ਟਿੱਬਿਆਂ ਨੂੰ ਬਾਗੋ-ਬਹਾਰ ਵਿਚ ਬਦਲ ਦਿੱਤਾ ਹੈ। ਇਹ ਧਰਤੀ ਬੇਕਾਰ ਨਹੀਂ। ਲੋੜ ਹੈ ਜੁਗਤ ਦੀ। ਅੰਗੂਰ-ਬੇਰ ਤੇ ਖਜੂਰ, ਜੋ ਫਲ ਹਨ—ਇਥੇ ਵਧੀਆ ਪੈਦਾਵਾਰ ਦੇ ਸਕਦੇ ਹਨ। ਪਰ ਜੇ ਇਥੇ ਇਹੋ ਜਿਹੇ ਰੁਜ਼ਗਾਰ ਦੇ ਮੌਕੇ ਸਰਕਾਰ ਪੈਦਾ ਕਰ ਦੇਵੇ ਤਾਂ ਹਰਿਆਣਾ ਤੇ ਪੰਜਾਬ ਦੇ ਭੱਠੇ ਕਿਵੇਂ ਚਾਲੂ ਰਹਿ ਸਕਣਗੇ? ਅਤੇ ਸੜਕਾਂ ਕੌਣ ਬਣਾਵੇਗਾ ਦੋਹਾਂ ਸੂਬਿਆਂ ਦੀਆਂ। ਨਹਿਰਾਂ ਵੀ ਤਾਂ ਇਥੋਂ ਦੇ ਹੀ ਆਦਮੀ ਪੁਟਦੇ ਹਨ। ਕਹਿੰਦੇ ਹਨ ਕਿ ਜਦੋਂ ਹਿੰਦੋਸਤਾਨ ਦੀ ਸਭ ਤੋਂ ਵੱਡੀ ਅਤੇ ਪਹਿਲੀ ਨਹਿਰ ਪੰਜਾਬ ਵਿਚ ਪੁਟੀ ਗਈ ਸੀ, ਇਹਨਾਂ ਹੀ ਮਾਂਵਾਂ ਦੇ ਪੁੱਤਰਾਂ ਨੇ ਲੱਖਾਂ ਦੀ ਤਾਦਾਦ ਵਿਚ ਰੋਪੜ ਤੋਂ ਲੁਧਿਆਣੇ ਤਕ ਆਣ ਡੇਰੇ ਜਮਾਏ ਸਨ। ਇਹਨਾਂ ਦੇ ਨਾਲ ਮਲਵਈ ਆਬਾਦੀ ਵੀ ਸ਼ਾਮਿਲ ਸੀ।

—0—

ਅਸੀਂ ਤਾਂ ਬੇਸ਼ਕ ਜੈਪੁਰ ਪਹੁੰਚਣ ਵਾਸਤੇ ਕਾਹਲੇ ਸਾਂ, ਪਰ ਪ੍ਰੇਮ ਅੱਗੇ ਨੇਮ ਨਹੀਂ ਚਲਦਾ। ਸ: ਸੁਰਿੰਦਰ ਸਿੰਘ ਜੀ ਨੇ ਡੇਅਰੀ ਤੋਂ ਦੁਧ ਦਾ ਭਰਪੂਰ ਇੰਤਜ਼ਾਮ ਕਰ ਰਖਿਆ ਸੀ। ਇਹਨਾਂ ਦੇ ਘਰੋਂ ਬੀਬੀ ਨੇ ਹੋਰ ਬੀਬੀਆਂ ਨੂੰ ਨਾਲ ਲੈ ਕੇ ਵਧੀਆ ਦੁੱਧ ਅਤੇ ਚਾਹਟੇ ਸਮੇਤ, ਪ੍ਰੌਂਠਿਆਂ ਦਾ ਪ੍ਰਬੰਧ ਜਚਾ ਰਖਿਆ ਸੀ। ਹਾਂ ਤੇ ਇਕ ਗੱਲ ਮੈਂ ਭੁਲ ਹੀ ਚਲਿਆ ਸਾਂ। ਅਜਿਹੀ ਧਰਤੀ, ਜਿਥੇ ਸ਼ਹਿਰ ਗੁਆਚ ਜਾਂਦੇ ਹਨ—ਕਿਸੇ ਇਕ ਘਰ ਨੂੰ ਲੱਭਣਾ ਪਹੇਲੀ ਨੂੰ ਹੱਲ ਕਰਨ ਦੇ ਬਰਾਬਰ ਹੁੰਦਾ ਹੈ ਪਰ ਸਤਿਗੁਰੂ ਜੀ ਜਾਨੀਜਾਣ ਹਨ। ਉਹਨਾਂ ਆਪਣੇ ਪ੍ਰਾਈਵੇਟ ਸੈਕਟਰੀ ਸ੍ਰੀ ਤਰਸੇਮ ਸਿੰਘ ਜੀ ਨੂੰ ਭੇਜ ਕੇ, ਮਸਲਾ ਹੱਲ ਕਰ ਲਿਆ ਸੀ। ਇਹ ਕੰਮ ਸੰਤ ਤਰਸੇਮ ਸਿੰਘ ਜੀ ਦਾ ਸੀ ਜਿਨ੍ਹਾਂ ਨੇ ਰਾਤ ਦੇ ਦੋ ਵਜੇ ਜਾ ਕੇ ਸ: ਸੁਰਿੰਦਰ ਸਿੰਘ ਜੀ ਦਾ ਘਰ ਲੱਭਿਆ। ਸਤਿਗੁਰਾਂ ਦੇ ਸੇਵਕ ਅਤੇ ਇੰਤਜ਼ਾਰ ਦੀਆਂ ਘੜੀਆਂ ਗਿਣਨ ਵਾਲੇ ਸਰਦਾਰ ਜੀ ਦੇ ਪਰਿਵਾਰ ਦਾ ਜਦੋਂ ਮੇਲ ਹੋਇਆ, ਉਸ ਅਨੰਦ ਦੀ ਥਾਹ, ਅਸੀਂ ਤੁਸੀਂ ਘਰ ਬੈਠੇ ਕਿਵੇਂ ਪਾ ਸਕਦੇ ਹਾਂ।

ਸ: ਸੁਰਿੰਦਰ ਸਿੰਘ ਮਹਿਲਾ ਪੋਲੀਟੈਕਨੀਕਲ ਕਾਲਜ ਦੇ ਪ੍ਰਿੰਸੀਪਲ ਹਨ। ਜਦੋਂ ਸਤਿਗੁਰੂ ਜੀ ਦੀ ਆਮਦ ਦਾ ਪਤਾ ਲਗਿਆ ਤਾਂ ਕਹਿਣ ਲੱਗੇ—'ਅੱਜ ਮੇਰਾ ਤਨ ਮਨ ਹਰਿਆ ਹੋ ਗਿਆ ਹੈ। ਮੈਂ ਤਾਂ ਤੜਫ ਰਿਹਾ ਹਾਂ। ਦਸਾਂ ਸਾਲਾਂ ਪਿਛੋਂ ਦਰਸ਼ਨ ਕਰਨੇ ਹਨ।' ਉਹਨਾਂ ਦੇ ਘਰੋਂ ਬੀਬੀ ਬੂਹਾ ਖੋਲ੍ਹ ਰਹੀ ਸੀ। ਉਹ ਤਾਂ ਮਸਤਾਨੀ ਹੀ ਹੋ ਗਈ ਸਤਿਗੁਰੂ ਜੀ ਦੀ ਆਮਦ ਸੁਣ ਕੇ।

ਪ੍ਰੋਗਰਾਮ ਤਾਂ ਭਾਵੇਂ ਇਕ ਇਕ ਪ੍ਰੌਂਠੇ ਦਾ ਹੀ ਸੀ, ਪਰ ਹਫਤੇ ਦੀ ਭੁੱਖੀ ਸੰਗਤ, ਕਿਵੇਂ ਪ੍ਰਸੰਨ ਹੋ ਸਕਦੀ ਸੀ। ਸੋ ਬੀਬੀਆਂ ਪਕਾਈ ਗਈਆਂ ਤੇ ਅਸੀਂ ਛਕੀ ਗਏ। ਰੱਜੀ ਪੁੱਜੀ ਸੰਗਤ ਨੂੰ ਹੁਣ ਜੈਪੁਰ ਢਾਈ ਕੋਹ ਹੀ ਦਿਸ ਰਿਹਾ ਸੀ। "ਪੌਂਚਾਂ ਨੂੰ ਡੂਢ ਕੋਹ ਡੱਲਾ"।

ਸਾਧ ਸੰਗਤ ਜੈਪੁਰ ਨੇ ਸਾਨੂੰ ਸਭ ਨੂੰ ਫਲਾਂ ਨਾਲ, ਖਾਸ ਤੌਰ ਤੇ ਅੰਗੂਰਾਂ ਨਾਲ ਰਜਾ ਦਿੱਤਾ। ਸਾਰੇ ਭਾਰਤ ਨਾਲੋਂ ਇਥੇ ਅੰਗੂਰ ਸਸਤਾ ਸੀ। ਸ਼ਾਇਦ ਇਥੋਂ ਦੇ ਵਪਾਰੀ ਮੁਨਾਫਾ ਘੱਟ ਕਮਾਉਂਦੇ ਹਨ। ੧੧ ਵਜੇ ਸਤਿਗੁਰੂ ਜੀ ਨੇ ਜੈਪੁਰ ਦੀ ਸਾਧ ਸੰਗਤ ਨੂੰ ਜਾ ਨਿਵਾਜਿਆ। ਅਗਵਾਈ ਕਰਨ ਆਈਆਂ



Sri Satguru Jagjit Singh Ji eLibrary NamdhariElibrary@gmail.com

ਸੰਗਤਾਂ ਵਿਚ ਬੇ-ਬਹਾ ਉਤਸ਼ਾਹ ਸੀ। ਬਹੁਤ ਦੇਰ ਪਿਛੋਂ ਇਸ ਧਰਤੀ ਉਤੇ ਓਸ ਪਈ ਸੀ। ਸ਼ਾਮ ਦਾ ਦੀਵਾਨ ਸਜ ਗਿਆ। ਸੰਤ ਸੇਵਾ ਸਿੰਘ ਜੀ ਜਗਾਧਰੀ ਵਾਲੇ ਗੱਜ ਰਹੇ ਸਨ। ਸਤਿਗੁਰੂ ਜੀ ਫੁਰਮਾਇਆ—

"ਹੁਣ ਸਪੀਕਰ ਦੀ ਲੋੜ ਨਹੀਂ।"

ਮੋਰਾਂ ਦੇ ਟੋਲੇ ਉੱਚੀ ਤੋਂ ਉੱਚੀ ਸੁਰ ਵਿਚ ਬੋਲ ਰਹੇ ਹਨ। ਸੰਤਾਂ ਨੇ ਧਾਰਨਾਂ ਲਈ—

ਕੋਈ ਨਾ ਕਿਸੇ ਦਾ ਬੇਲੀ ਦੁਨੀਆਂ ਪੈਸੇ ਦੀ।

ਅਤੇ ਆਸ਼ਕਾਂ ਦਾ ਕਿੱਸਾ ਇਸ ਤਰ੍ਹਾਂ ਸੁਣਾਇਆ—

ਇਕ ਸੇਠ ਦਾ ਆਪਣਾ ਕੰਮ ਬਹੁਤ ਚੰਗਾ ਸੀ। ਆਪਣੇ ਮੁੰਡੇ ਨੂੰ ਕਾਫੀ ਪੈਸਾ ਦੇ ਕੇ ਅੱਡ ਕਮਾਉਣ ਵਾਸਤੇ ਕਹਿ ਦਿੱਤਾ। ਤਜਰਬਾ ਨਾ ਹੋਣ ਕਰ ਕੇ ਮੁੰਡਾ ਫੇਲ੍ਹ ਹੋ ਗਿਆ। ਪਿਤਾ ਨੇ ਗੁੱਸੇ ਹੋ ਕੇ ਪੁਤਰ ਨੂੰ ਘਰੋਂ ਕੱਢ ਦਿੱਤਾ। ਮੁੰਡੇ ਦੇ ਘਰ ਵਾਲੀ ਕਹਿਣ ਲੱਗੀ—

"ਪ੍ਰਿਆ ਜੀ! ਮੈਂ ਤੁਹਾਡੇ ਨਾਲ ਹੀ ਜਾਣਾ ਹੈ।"

"ਨਹੀਂ ਪ੍ਰਿਏ! ਤੂੰ ਘਰੇ ਰਹੁ। ਮੈਨੂੰ ਪਤਾ ਨਹੀਂ ਕਿੱਥੇ ਕਿੱਥੇ ਜਾਣਾ ਪੈਣਾ ਹੈ।"

ਪਤਨੀ ਨੇ ਕਿਹਾ—"ਜੇ ਸੀਤਾ ਨੰਗੇ ਪੈਰੀਂ ਬਨਵਾਸ ਕੱਟ ਸਕਦੀ ਹੈ ਤਾਂ ਮੈਂ ਕਿਉਂ ਨਹੀਂ?"

ਦੁੱਖ ਤਾਂ ਦੁੱਖ ਹੀ ਹੁੰਦਾ ਹੈ ਅਤੇ ਜੇ ਭੁਖ ਤ੍ਰੇਹ ਵੀ ਨਾਲ ਸ਼ਾਮਿਲ ਹੋ ਜਾਏ ਤਾਂ ਵਿਰਲਾ ਹੀ ਸਾਬਤ ਕਦਮ ਰਹਿੰਦਾ ਹੈ। ਪਤਨੀ ਬਣਵਾਸ ਤੋਂ ਛੇਤੀ ਹੀ ਨਿਰਾਸ਼ ਹੋ ਗਈ। ਭੁੱਖੇ-ਤਿਹਾਇਆਂ ਨੇ ਜੰਗਲ ਵਿਚ ਜਾ ਡੇਰਾ ਕੀਤਾ। ਤ੍ਰੇਹ ਨਾਲ ਬਿਹਬਲ ਪਤੀ ਪਾਣੀ ਦੀ ਭਾਲ ਵਿਚ ਨਿਕਲ ਤੁਰਿਆ। ਪਤਨੀ ਇਕੱਲੀ ਬੈਠੀ ਕਰਮਾਂ ਨੂੰ ਝੂਰ ਰਹੀ ਸੀ। ਦੋ ਘੋੜ ਚੜ੍ਹੇ ਸ਼ੈਤਾਨਾਂ ਦੀ ਨਜ਼ਰ ਉਸ ਤੀਵੀਂ ਤੇ ਪਈ। ਕਹਿਣ ਲੱਗੇ—"ਤੂੰ ਇਕੱਲੀ ਇਥੇ ਬੈਠੀ ਕੀ ਕਰਦੀ ਹੈਂ?"

ਉਸ ਨੇ ਕਿਹਾ, "ਮੇਰਾ ਪਤੀ ਉਹ ਖੂਹ ਤੇ ਪਾਣੀ ਲੈਣ ਗਿਆ ਹੈ। ਉਸੇ ਦੀ ਉਡੀਕ ਵਿਚ ਹਾਂ।"

ਸ਼ੈਤਾਨਾਂ ਨੇ ਕਿਹਾ, "ਉਹ ਭੋਲੀਏ! ਤੂੰ ਉਸ ਕੋਲੋਂ ਕੀ ਲੈਣਾ ਹੈ? ਸਾਡੇ ਨਾਲ ਚਲ ਅਤੇ ਮਹਿਲਾਂ ਵਿਚ ਰਹੁ। ਭੁਖੇ ਮਗਰ ਲੱਗ ਕੇ, ਜੰਗਲਾਂ ਵਿਚ ਰੁਲ ਕੇ ਮਰ ਜਾਵੇਂਗੀ। ਜਾਹ ਤੂੰ ਉਥੇ ਜਾ ਕੇ ਉਸ ਨੂੰ ਖੂਹ ਵਿਚ ਧੱਕਾ ਦੇ ਦੇਹ ਅਤੇ ਆ ਕੇ ਸਾਡੇ ਪਿਛੇ ਬੈਠ।"

ਉਸ ਨੇ ਇਸੇ ਤਰ੍ਹਾਂ ਕੀਤਾ ਅਤੇ ਘੋੜ ਸਵਾਰਾਂ ਨਾਲ ਦੌੜ ਗਈ।

ਕਿਸੇ ਤਰ੍ਹਾਂ ਉਪੇਂਦਰ ਬਚ ਗਿਆ। ਔਖੇ ਹਾਲਾਂ ਵਿਚ ਪੈ ਕੇ ਉਹ ਕਾਫੀ ਸਮਝਦਾਰ ਹੋ ਗਿਆ ਸੀ। ਕਿਸੇ ਸਰਦਾਰ ਕੋਲ ਉਸ ਨੂੰ ਚੰਗੀ ਨੌਕਰੀ ਮਿਲ ਗਈ ਅਤੇ ਹੌਲੀ ਹੌਲੀ ਉਚੇ ਅਹੁਦੇ ਤੇ ਪਹੁੰਚ ਗਿਆ। ਉਧਰ ਸੰਗੀਤਾ ਨਚਣ ਗਾਉਣ ਵਾਲਿਆਂ ਨਾਲ ਰਹਿ ਕੇ ਬਹੁਤ ਵਧੀਆ ਨਾਚੀ ਬਣ ਗਈ। ਇਤਿਫਾਕ ਨਾਲ ਸਰਦਾਰ ਨੇ ਇਸੇ ਪਾਰਟੀ ਨੂੰ ਮਹਿਫਲ ਵਿਚ ਨ੍ਰਿਤਕਾਰੀ ਲਈ ਸੱਦ ਲਿਆ। ਪਤੀ ਪਤਨੀ ਦੋਹਾਂ ਨੇ ਇਕ ਦੂਸਰੇ ਨੂੰ ਪਹਿਚਾਣ ਲਿਆ ਅਤੇ ਦੋਵਾਂ ਦੀਆਂ ਭਵਾਂ ਤਣ ਗਈਆਂ।

ਸੰਗੀਤਾ ਨੇ ਆਪਣੇ ਹਾਵਭਾਵ, ਅੰਗ-ਪ੍ਰਦਰਸ਼ਨ ਅਤੇ ਸੰਗੀਤ ਦੇ ਜਾਦੂ ਨਾਲ ਸਰਦਾਰ ਨੂੰ ਵੱਸ ਵਿਚ ਕਰ ਲਿਆ। ਸ਼ਰਾਬ ਦੇ ਰੱਜੇ ਹੋਏ ਸਰਦਾਰ ਨੇ ਕਿਹਾ—

"ਸੰਗੀਤਾ! ਮੰਗ ਜੋ ਕੁਝ ਮੰਗਣਾ ਹੈ! ਜੋ ਮੰਗੇਂਗੀ ਉਹੀ ਮਿਲੇਗਾ?"

ਸੰਗੀਤਾ ਨੇ ਕਿਹਾ—"ਉਪੇਂਦਰ ਨੂੰ ਮੇਰੇ ਹਵਾਲੇ ਕਰ ਦੇਹ। ਇਹੋ ਮੇਰੀ ਮੰਗ ਹੈ।"

ਸਰਦਾਰ ਨੇ ਦੋਹਾਂ ਵਲ ਵੇਖਿਆ—ਅਤੇ ਸੰਗੀਤਾ ਨੂੰ ਕਿਹਾ—"ਇਹ ਕੀ ਮੰਗ ਬੈਠੀ ਹੈਂ?"

"ਬਸ ਮੈਨੂੰ ਇਸੇ ਦੀ ਲੋੜ ਹੈ। ਇਹ ਮੈਨੂੰ ਸੁੱਤੀ ਨੂੰ ਜੰਗਲ ਵਿਚ ਛੱਡ ਕੇ ਭਜ ਆਇਆ ਸੀ। ਅੱਜ ਉਸੇ ਗੱਲ ਦਾ ਬਦਲਾ ਮੈਂ ਲੈਣਾ ਹੈ।"

ਜੱਲਾਦਾਂ ਨੂੰ ਸੱਦ ਕੇ ਸੰਗੀਤਾ ਨੇ ਕਿਹਾ—"ਉਪੇਂਦਰ ਨੂੰ ਭਰੇ ਦਰਬਾਰ ਵਿਚ ਹੀ ਕਤਲ ਕਰ ਦਿਉ।"

ਉਪੇਂਦਰ ਨੇ ਕਿਹਾ—"ਮੈਨੂੰ ਪੰਜ ਮਿੰਟ ਪ੍ਰਾਰਥਨਾ ਕਰ ਲੈਣ ਦੇਹ।"

ਉਪੇਂਦਰ ਨੇ ਪ੍ਰਾਰਥਨਾ ਵਿਚ ਸ਼ਿਵਜੀ ਮਹਾਰਾਜ ਤੇ ਪਾਰਬਤੀ ਨੂੰ ਯਾਦ ਕੀਤਾ। ਅਰਦਾਸ ਮਨਜ਼ੂਰ ਹੋ ਗਈ। ਉਸ ਨੇ ਭਰੀ ਸਭਾ ਵਿਚ ਸੰਗੀਤਾ ਨੂੰ ਕਿਹਾ—

"ਮੇਰੀ ਅਮਾਨਤ ਮੈਨੂੰ ਵਾਪਸ ਕਰ ਦੇਹ।"

ਸੰਗੀਤਾ ਨੇ ਕਿਹਾ—"ਇਸ ਵਿਚ ਮੈਨੂੰ ਕੀ ਇਤਰਾਜ਼ ਹੈ। ਜਦੋਂ ਮੈਂ ਤੇਰੇ ਕੋਲੋਂ ਕੁਝ ਲਿਆ ਹੀ ਨਹੀਂ।" ਪਾਣੀ ਦੀ ਚੁਲੀ ਸੁਟ ਕੇ ਉਸ ਨੇ ਕਿਹਾ—"ਜੋ ਅਮਾਨਤ ਉਪੇਂਦਰ ਨੇ ਮੈਨੂੰ ਦਿੱਤੀ ਹੈ ਮੈਂ ਵਾਪਸ ਕਰਦੀ ਹਾਂ।"

ਇੰਨਾਂ ਕਹਿਣ ਦੀ ਦੇਰ ਸੀ ਧੜੰਮ ਕਰਦੀ ਸੰਗੀਤਾ ਜ਼ਮੀਨ ਉਤੇ ਡਿਗ ਕੇ ਖਤਮ ਹੋ ਗਈ। ਸਾਰੀ ਸਭਾ ਹੈਰਾਨ



Sri Satguru Jagjit Singh Ji eLibrary NamdhariElibrary@gmail.com

ਸੀ ਇਸ ਕਰਤੱਵ ਉਤੇ। ਚੁੱਪ ਤੋੜਦਿਆਂ ਉਪੇਂਦਰ ਨੇ ਕਿਹਾ—

"ਮੈਨੂੰ ਮੇਰੇ ਬਾਪ ਨੇ ਘਰੋਂ ਕੱਢ ਦਿੱਤਾ। ਹੱਠ ਕਰ ਕੇ ਸੰਗੀਤਾ ਵੀ ਮੇਰੇ ਨਾਲ ਹੀ ਤੁਰ ਪਈ। ਰਾਹ ਵਿਚ ਸੁਤੀ ਪਈ ਦੇ ਸੱਪ ਨੇ ਸਾਹ ਖਿੱਚ ਲਏ। ਇਸ ਨੂੰ ਮਰੀ ਵੇਖ ਕੇ ਮੈਂ ਵੀ ਅਧ ਮੋਇਆ ਹੋ ਗਿਆ। ਸੰਤਾਂ ਦੀ ਇਕ ਜੋੜੀ ਨੇ ਮੇਰੇ ਉਤੇ ਰਹਿਮ ਖਾ ਕੇ ਕਿਹਾ—

"ਜੇ ਤੂੰ ਆਪਣੀ ਅੱਧੀ ਉਮਰ ਇਸ ਨੂੰ ਦੇ ਦੇਵੇਂ ਤਾਂ ਇਹ ਜਿਉਂਦੀ ਹੋ ਸਕਦੀ ਹੈ।"

"ਮੈਂ ਇਸ ਦੀਆਂ ਤਿੰਨ ਪਰਕਰਮਾਂ ਕੀਤੀਆਂ ਅਤੇ ਅੱਧੀ ਉਮਰ ਬਖਸ਼ ਦਿੱਤੀ। ਜਿਸ ਦਾ ਇਸ ਨੂੰ ਕੋਈ ਪਤਾ ਨਹੀਂ ਲੱਗਾ। ਅਸੀਂ ਦੋਵੇਂ ਅਗਲੇ ਸਫ਼ਰ ਉਤੇ ਰਵਾਨਾ ਹੋਏ। ਤਾਂ ਇਸ ਨੇ ਦੋ ਘੁੜ ਸਵਾਰਾਂ ਨਾਲ ਸੈਨਤ ਰਲਾ ਕੇ ਮੈਨੂੰ ਖੂਹ ਵਿਚ ਧੱਕਾ ਦੇ ਦਿੱਤਾ। ਆਪਣੇ ਅੰਦਰਲੇ ਪਾਪ ਤੋਂ ਡਰਦੀ ਹੀ ਇਹ ਮੈਨੂੰ ਮਰਵਾਉਣਾ ਚਾਹੁੰਦੀ ਸੀ। ਮੈਂ ਆਪਣੀ ਦਿੱਤੀ ਉਮਰ ਵਾਪਸ ਮੰਗ ਲਈ ਹੈ ਅਤੇ ਬਾਕੀ ਤਸਵੀਰ ਤੁਹਾਡੇ ਸਾਹਮਣੇ ਹੈ।"

ਸੰਤ ਸੇਵਾ ਸਿੰਘ ਜੀ ਨੇ ਫੇਰ ਜੋਸ਼ ਵਿਚ ਆ ਕੇ ਕਿਹਾ—

ਕੋਈ ਨਾ ਕਿਸੇ ਦਾ ਬੇਲੀ ਦੁਨੀਆਂ ਪੈਸੇ ਦੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪ੍ਰਵਚਨ ਦੁਆਰਾ ਸੰਗਤ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ—

ਜੇ ਕੋ ਜੀਉ ਕਹੈ ਓਨਾ ਕਉ
ਜਮ ਕੀ ਤਲਬ ਨ ਹੋਈ।

ਇਕ ਮਹਾਂ ਕੁਰੱਪਟ ਠੇਕੇਦਾਰ ਜੋ ਚੰਡਾਲ ਦਾ ਹੀ ਦੂਸਰਾ ਰੂਪ ਸੀ, ਮਿਸਤ੍ਰੀਆਂ ਅਤੇ ਮਜ਼ਦੂਰਾਂ ਦੇ ਪੈਸਿਆਂ ਨੂੰ ਠੱਗਣ ਕਰ ਕੇ ਹੀ ਐਸ਼ ਦੀ ਜ਼ਿੰਦਗੀ ਭੋਗਦਾ ਸੀ। ਕਿਸੇ ਦਾ ਲਿਹਾਜ਼ ਨਹੀਂ ਸੀ ਕਰਦਾ। ਇਕ ਸੰਤ ਮਹਾਤਮਾ ਵੀ ਮਜ਼ੂਰੀ ਕਰਦਾ ਸੀ ਠੇਕੇਦਾਰ ਕੋਲ। ਸੰਤਾਂ ਦਾ ਸਿਰਫ ਇੰਨਾ ਲਿਹਾਜ਼ ਹੀ ਕਰਦਾ ਸੀ—

"ਆਓ ਜੀ ! ਤੁਸੀਂ ਵੀ ਆਪਣੇ ਪੈਸੇ ਲੈ ਜਾਉ !"

ਧਰਮਰਾਜ ਕੋਲ ਪਹੁੰਚਣ ਉਤੇ ਜਦੋਂ ਚਿੱਤ੍ਰ ਗੁਪਤ ਹੋਰਾਂ ਠੇਕੇਦਾਰ ਦੇ ਕਾਗਜ਼ ਪੇਸ਼ ਕੀਤੇ ਤਾਂ ਸਭ ਮੰਦਾ ਹੀ ਮੰਦਾ। ਬੇਈਮਾਨੀ ਹੀ ਬੇਈਮਾਨੀ।

ਪਰ ਇਕ ਥਾਂ ਉੱਤੇ ਇਹ ਵੇਖ ਲਿਆ ਕਿ ਸੰਤਾਂ ਨੂੰ ਆਦਰ ਨਾਲ ਜੀ ਕਹਿ ਕੇ ਬੁਲਾਉਂਦਾ ਸੀ ਇਹ ਠੇਕੇਦਾਰ।

ਧਰਮਰਾਜ ਨੇ ਸਾਰੇ ਕਾਗਜ਼ ਪਾੜ ਕੇ ਸੁਰਗ ਜਾਣ ਦਾ ਰਾਹ ਸਾਫ ਕਰ ਦਿੱਤਾ।

ਸਤਿਗੁਰੂ ਜੀ ਫੁਰਮਾਇਆ—

ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ।
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥
ਵਾਹੁ ਵਾਹੁ ਕਰਤਿਆ ਕਰਮੀ ਬੋਲੈ ਬੋਲਾਇ॥
ਵਾਹੁ ਵਾਹੁ ਕਰਤਿਆ ਸੋਭਾ ਪਾਇ
ਨਾਨਕ ਵਾਹੁ ਵਾਹੁ ਸਤਿ ਰਜਾਇ।

ਸਾਨੂੰ ਸਭ ਨੂੰ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਏਸੇ ਵਿਚ ਹੀ ਸਾਡਾ ਸਭਨਾਂ ਦਾ ਭਲਾ ਹੈ।

ਜੈਪੁਰ ਵਿਚ ਸਹਿਜਧਾਰੀ ਸੰਗਤ ਕਾਫੀ ਹੈ। ਉਹਨਾਂ ਨੇ ਨਾਮਧਾਰੀ ਸਿੰਘਾਂ ਨਾਲ ਰਲ ਕੇ ਸੰਗਤ ਦੀ ਬਹੁਤ ਸੇਵਾ ਕੀਤੀ। ਅੰਗੂਰਾਂ ਦੀਆਂ ਪੇਟੀਆਂ ਖੋਲ੍ਹ ਕੇ ਸੰਗਤਾਂ ਦੀਆਂ ਖੁਸ਼ੀਆਂ ਲਈਆਂ। ਬਹੁਤ ਵਧੀਆ ਮਿੱਠੇ ਅਤੇ ਮਹਿੰਗੇ ਅੰਗੂਰ।

ਜੈਪੁਰ ਵਿਚ ੨੦ ਘਰੀਂ ਚਰਨ ਪਾਏ ਅਤੇ ੩੨ ਸਰੀਰਾਂ ਭਜਨ ਪੁਛ ਕੇ ਜਨਮ ਸਫਲਾ ਕੀਤਾ।

ਅਸਲ ਵਿਚ ਘਰੀਂ ਚਰਨ ਪਾਉਣ ਦੀ ਰਸਮ ਅਦਾ ਕਰਨੀ ਸ੍ਰੀ ਸਤਿਗੁਰੂ ਜੀ ਵਾਸਤੇ ਤਾਂ ਭਾਵੇਂ ਬੇ-ਅਰਾਮੀ ਦਾ ਕਾਰਨ ਬਣਦੀ ਹੈ ਪਰ ਘਰ ਵਾਲਿਆਂ ਨੂੰ ਚਰਨ ਪਵਾਉਣ ਤੋਂ ਬਿਨਾਂ ਤਸੱਲੀ ਨਹੀਂ ਹੁੰਦੀ। ਘਰਾਂ ਵਿਚ ਫਲ ਮੇਵੇ ਤੇ ਕਪੜੇ ਆਦਿ ਭੇਟਾ ਕਰ ਕੇ ਸਿੱਖਾਂ ਦੇ ਮਨਾਂ ਨੂੰ ਤ੍ਰਿਪਤੀ ਹੁੰਦੀ ਹੈ ਅਤੇ ਘਰ ਦੇ ਸਾਰੇ ਆਦਮੀ ਚਰਨ ਸਪਰਸ਼ ਕਰ ਕੇ ਧੰਨ ਹੋ ਜਾਂਦੇ ਹਨ ਅਤੇ ਗ੍ਰਹਿ ਪਵਿਤਰ।

ਸ੍ਰ: ਜਗਜੀਤ ਸਿੰਘ ਇੰਜੀਨੀਅਰ ਦੇ ਘਰ ਸਾਡਾ ਡੇਰਾ ਸੀ। ਸਰਦਾਰ ਜੀ ਦੇ ਘਰੋਂ ਬੀਬੀ ਸੰਤੋਸ਼ ਰਾਣੀ ਨੇ ਜ਼ਰਾ ਕੁ ਗੱਲ ਕੀਤੀ। ਸ੍ਰ: ਜਗਜੀਤ ਸਿੰਘ ਜੀ ਕਹਿਣ ਲੱਗੇ ਸੰਤੋਖ ਨੇ ਐਮ. ਏ. ਕੀਤੀ ਹੈ, ਸੰਗੀਤ ਦੀ। ਅੰਦਰੋਂ ਮੈਂ ਅਨੁਭਵ ਕੀਤਾ ਮੇਰੀ ਭਾਣਜੀ ਨੇ ਵੀ ਐਮ. ਏ. ਕੀਤੀ ਹੈ ਸੰਗੀਤ ਦੀ। ਪਰ



Sri Satguru Jagjit Singh Ji eLibrary NamdhariElibrary@gmail.com

ਸਿਤਾਰ ਸੁਰ ਨਹੀਂ ਕਰਨੀ ਆਉਂਦੀ। ਇਹੋ ਜੇਹੀ ਏਸ ਬੀ ਏ ਦੀ ਐਮ. ਏ. ਹੋਣੀ ਹੈ। ਪਰ ਮੈਂ ਆਖਿਆ ਚਲੋ ਟਿਸ ਨੂੰ ਵੀ ਸੁਣ ਲੈਣਾ ਚਾਹੀਦਾ ਹੈ। ਰਾਤ ਦੇ ਨੌਂ ਕੁ ਦਾ ਸਮਾਂ ਸੀ। ਮੈਂ ਕਿਹਾ ਬੀਬੀ! ਸੰਗੀਤ ਤਾਂ ਮੈਂ ਵੀ ਥੋੜਾ ਬਹੁਤ ਸਿੱਖਿਆ ਹੈ! ਅੱਜ ਸੰਗੀਤ ਸਭਾ ਹੀ ਹੋ ਜਾਵੇ! ਵਰਮਾਂ ਜੀ ਤੇ ਸ੍ਰ: ਜਗਜੀਤ ਸਿੰਘ ਵੀ ਪੂਰੀ ਤਰ੍ਹਾਂ ਮੇਰੇ ਹਮੈਤੀ ਹੋ ਗਏ। ਬੀਬੀ ਕਹਿਣ ਲੱਗੀ ਪਹਿਲਾਂ ਤੁਸੀਂ ਸੁਣਾਓ। ਮੈਂ ਕਿਹਾ ਠੀਕ ਹੈ—ਇਕ ਪੰਗਤੀ ਮੈਂ ਗਾ ਦਿੱਤੀ।

ਮਾਰਵਾੜਿ ਜੈਸੇ ਨੀਰੁ ਬਾਲਹਾ
ਬੇਲਿ ਬਾਲਹਾ ਕਰਹਲਾ ॥

ਫੇਰ ਬੀਬੀ ਨੇ ਦੋ ਸ਼ਬਦ ਵਾਜੇ ਨਾਲ ਗਾਏ। ਮੈਂ ਸਮਝ ਗਿਆ ਕਿ ਬੀਬੀ ਠੀਕ ਹੀ ਗਾ ਸਕਦੀ ਹੈ। ਬੀਬੀ ਸਤਿਗੁਰੂ ਜੀ ਅੱਗੇ ਗਾਇਣ ਪੇਸ਼ ਕਰਨਾ ਚਾਹੁੰਦੀ ਸੀ। ਪਰ ਹੁਣ ਸਮਾਂ ਕਿਥੇ ਸੀ।

ਮੈਂ ਕਿਹਾ ਜੇ ਪਹਿਲਾਂ ਪਤਾ ਹੁੰਦਾ ਤਾਂ ਜ਼ਰੂਰ ਤੁਹਾਨੂੰ ਸਤਿਗੁਰੂ ਜੀ ਨੂੰ ਸੁਣਾਂਦੇ। ਬੀਬੀ ਕਹਿਣ ਲੱਗੀ। ਹੁਣ ਤੁਸੀਂ ਸੁਣਾਓ।

ਮੈਂ ਕਿਹਾ—ਬੀਬੀ ਮੈਂ ਤਾਂ ਤੁਹਾਨੂੰ ਸੁਣਨ ਵਾਸਤੇ ਹੀ ਸੁਣਾਇਆ ਸੀ। ਤੁਸੀਂ ਗਾਣਾ ਸੁਣਾਉ! ਮੈਨੂੰ ਭੈਰਵੀ ਦੀ ਇਕ ਤੁਕ ਫੇਰ ਸੁਣਾਉਣੀ ਪਈ। ਬੀਬੀ ਨੇ ਕਈ ਸ਼ਬਦ ਹੋਰ ਸੁਣਾਏ, ਜੋ ਅਜ ਵੀ ਕੰਨਾਂ ਵਿਚ ਗੂੰਜਦੇ ਨੇ। ਜਦੋਂ ਸੁਬਹ ਸੱਤ ਵਜੇ ਸਤਿਗੁਰੂ ਜੀ ਨੇ—

ਨਉਬਿਤ ਵਜੀ ਸੁਬਹ ਸਿਉ,
ਚਲਣ ਕਾ ਕਰਿ ਸਾਜੁ!

ਦਾ ਹੁਕਮ ਕੀਤਾ। ਤਾਂ ਸਾਨੂੰ ਤਿਆਰੀ ਕਰਨੀ ਪਈ।

ਬੱਲੇ ਬੱਲੇ, ਜਦੋਂ ਸੰਤ ਤਰਸੇਮ ਸਿੰਘ ਜੀ ਕਿਹਾ—ਕੇਵਲ ਤਿੰਨ ਸੌ ਕਿਲੋ ਮੀਟਰ ਹੀ ਜਾਣਾ ਹੈ, ਅੱਜ। ਤਾਂ ਸੋਚਿਆ। ਦਿੱਲੀ ਅਭੀ ਦੂਰ ਹੈ।

ਬਹੁਤ ਹੀ ਸੁਹਾਣਾ ਸਫ਼ਰ ਸੀ। ਸਤਿਗੁਰੂ ਜੀ ਦੇ ਨਾਲ ਹੋਣ ਕਰਕੇ ਇਹ ਹੋਰ ਵੀ 'ਦਿਲ ਫਰੇਬ' ਬਣ ਗਿਆ ਸੀ। ਜੰਡੀਆਂ ਜੋ ਪਹਿਲੇ ਦਿਨ ਰੁਖੀਆਂ ਰੁਖੀਆਂ ਦਿਸਦੀਆਂ ਸਨ, ਹੁਣ ਉਹਨਾਂ ਉੱਤੇ ਝੁੰਗ ਉਗ ਆਈ ਸੀ। ਅਤੇ ਹਰੀ ਹੀ ਭਾਅ, ਸੋਹਣੀ ਸੋਹਣੀ ਲਗ ਰਹੀ ਸੀ। ਜੰਡੀ ਜੋ ਏਥੋਂ ਦਾ ਸਭੋ ਕੁਝ ਹੈ। ਆਦਮੀਆਂ ਨੂੰ ਸਬਜ਼ੀ ਅਤੇ ਜਾਨਵਰਾਂ ਨੂੰ ਵਧੀਆ ਚਾਰਾ ਪ੍ਰਦਾਨ ਕਰਦੀ ਹੈ। ਜੈਪੁਰ ਤੋਂ ਦਿਲੀ ਦਾ ਸਫ਼ਰ ਬਹੁਤ ਭਲਾ ਭਲਾ ਲੱਗ ਰਿਹਾ ਸੀ। ਹਾਂ ਟਰੱਕਾਂ ਦਾ ਸ਼ੁਮਾਰ ਕਰਨਾ ਬੜਾ ਮੁਸ਼ਕਲ ਲਗ ਰਿਹਾ ਸੀ। ਏਨਾ ਟ੍ਰੈਫਿਕ ਤਾਂ ਸ਼ਾਇਦ ਹਰਿਆਣਾ ਪੰਜਾਬ ਵਿਚ ਵੀ ਨਹੀਂ ਹੋਵੇਗਾ।

ਹੁਣ ਫ਼ਸਲਾਂ ਆਮ ਵੇਖਣ ਵਿਚ ਆ ਰਹੀਆਂ ਸਨ। ਮਹਿੰਦਰਗੜ੍ਹ ਦਾ ਜ਼ਿਲ੍ਹਾ ਜੋ ਮੇਰੇ ਖਿਆਲ ਅਨੁਸਾਰ ਨਿਰੋਲ ਖੁਸ਼ਕ ਤੇ ਰੇਤੀਲਾ ਸੀ। ਸਭ ਤੋਂ ਵੱਧ ਅਬਾਦ ਤੇ ਖੁਸ਼ਹਾਲ ਵੇਖਿਆ। ਕਿਤੇ ਮਰਲਾ ਵੀ ਜਗ੍ਹਾ ਖਾਲੀ ਨਹੀਂ ਸੀ। ਬਾਗ਼ ਬਗੀਚੇ ਤੇ ਰੁਖਾਂ ਦੀ ਭਰਮਾਰ। ਗੁੜਗਾਵਾਂ ਉਸ ਤੋਂ ਵੀ ਵਧੀਆ। ਗਿਆਰਾਂ, ਬਾਰਾਂ ਵਜੇ ਅਸੀਂ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਪਹੁੰਚ ਗਏ। ਕੋਠੀ ਦੇ ਬਿਲਕੁਲ ਸਾਹਮਣੇ "ਮਾਰੂਤੀ ਪ੍ਰੋਜੈਕਟ" ਇਸ ਤਰ੍ਹਾਂ ਕਾਰਾਂ ਨਾਲ ਤੁਨਿਆ ਪਿਆ ਸੀ, ਜਿਵੇਂ ਮੁਨਿਆਰੀ ਦੀ ਦੁਕਾਨ ਖਿਡੌਣਿਆਂ ਨਾਲ ਭਰੀ ਭੂਰੀ ਹੁੰਦੀ ਹੈ।

ਸੇਠ ਜੀ ਨੂੰ ਸ਼ਾਇਦ ਸਤਿਗੁਰੂ ਜੀ ਦੇ ਪ੍ਰੋਗ੍ਰਾਮ ਦਾ ਪਹਿਲਾਂ ਹੀ ਪਤਾ ਸੀ। ਮਾਰਚ ਦੇ ਅੰਤ ਵਿਚ ਏਡੇ ਵਧੀਆ ਅੰਬਾਂ ਦੀਆਂ ਪੇਟੀਆਂ! ਵਾਸ਼ਨਾ ਨਾਲ ਹੀ ਆਦਮੀ ਰਜ ਜਾਵੇ। ਦਧ, ਦਹੀਂ ਤੇ ਹੋਰ ਪੇਅ ਜਲ ਵਾਧੂ।

ਜਦੋਂ ਮੈਂ ਸੰਤ ਤਰਸੇਮ ਸਿੰਘ ਜੀ ਨੂੰ ਕਿਹਾ—

ਤੁਸੀਂ ਆਪ ਤਾਂ ਭੁਖੇ ਰਹਿਣ ਗਿਝੇ ਹੋਏ ਹੋ। ਨਾਲ ਦਿਆਂ ਨੂੰ ਤਾਂ ਛਕ ਛਕਾ ਲੈਣ ਦਿਉ ਅਤੇ ਤੁਸੀਂ ਜੇ ਸੋਧੀ ਹੋ ਤਾਂ ਫਲ ਛਕ ਲਓ?

ਗੁੜਗਾਵਾਂ ਰੋਡ ਤੇ ਇਹ ਕੋਠੀ-ਬੜੀ ਰੀਝ ਨਾਲ ਬਣਵਾਈ ਹੈ ਸੇਠ ਜੀ ਨੇ। ਸਤਿਗੁਰੂ ਜੀ ਦੀਆਂ ਬਹੁਤ ਹੀ ਆਕਰਸ਼ਕ-ਆਦਮ-ਕਦ-ਫੋਟੋਆਂ ਲਾਈਆਂ ਹੋਈਆਂ ਹਨ। ਜੋ ਸੇਠ ਜੀ ਦੇ ਆਰਟ ਪਿਆਰ ਨੂੰ ਦਰਸਾਉਂਦੀਆਂ ਹੋਈਆਂ ਸ਼ਰਧਾ ਦਾ ਦਾ ਪ੍ਰਤੀਕ ਵੀ ਹਨ।

ਏਥੇ ਖੁਲ੍ਹ ਕੇ ਫੋਟੋਗ੍ਰਾਫ਼ੀ ਹੋਈ। ਅਤੇ ਦੋ ਘੰਟੇ ਪਿਛੋਂ ਸਤਿਗੁਰੂ ਜੀ ਨੇ ਦਿੱਲੀ ਵਾਸਤੇ ਅਰਦਾਸਾ ਸੋਧ ਲਿਆ।

○ ○

ਅੱਜ ਅਸੀਂ ਸ੍ਰੀ ਜੀਵਨ ਨਗਰ ਵਿਚ ਹਾਂ। ਏਥੇ ਹੀ ਮੈਨੂੰ ਖਬਰ ਮਿਲੀ ਕਿ ਸਾਡਾ ਪਿੰਡ "ਗੁਰੂ ਸਰ" ਵੀ ਗੜਿਆਂ ਦੀ ਮਾਰ ਹੇਠ ਆ ਗਿਆ। ਮੈਂ ਸਤਿਗੁਰੂ ਜੀ ਅਗੇ ਛੁਟੀ ਦੀ ਅਰਜ਼ ਕੀਤੀ ਕਿ ਸਾਡੇ ਪਿੰਡ ਵੀ ਗੜੇਮਾਰ ਹੋ ਗਈ ਹੈ। ਘਰਦਿਆਂ ਦੀ ਖਬਰ ਲਵਾਂ।

ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ—
ਤੂੰ ਜਾ ਕੇ ਗੜੇ ਚੁਗੇਂਗਾ?
ਮੈਂ ਕਿਹਾ ਜੀ! ਧਰਵਾਸ ਦੇਣਾ ਤਾਂ ਬਣਦਾ ਹੈ!

ਪਿੰਡ-ਡਾਕ ਗਦ ਡੋਬ,
ਰਾਹੀਂ ਅਬੋਹਰ (ਪੰਜਾਬ)।
ਪਿੰਨ 152117



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office & Resi. 58795

**ਸੱਗੂ ਆਇਰਨ ਇੰਡਸਟਰੀਜ਼**
ਪੁਰਾਣੀ ਰਲਵੇ ਰੋਡ, ਜਲਧਰ।

Specialists in :
Sugar Mill Spare, Solvent Plant Spares, Textile Mill Spares
& Distillery Spares

# SAGGU IRON INDUSTRIES

**Old Railway Road, JALANDHAR CITY.**
Partner : S. Puran Singh Saggu

Phone : 3040
Code : 01824

For Fitting Diesel Engines in
Foreign and Indian Cars bodies Contact

**Amarjit Motor Garage**
**G.T. Road,**
**Opp. Jalandhar Octroi Post,**
**PHAGWARA (Pb.)**
Specialists in :
Mercedes Benz Car Repairing

Manufacturers of :
WOODEN & PLY PACKING CASES

**PARTAP PACKERS**

**B-204, Mansrover Garden**
**NEW DEHLI-110015.**

Manufacturers of :
Solvent Extraction Plant
and Cattle Feed Plant Accessories

## Matharu Engineering Works

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ।
ਫੋਨ : 59869

TRADE **OSTER KNIT** MARK

**Top in Fashion Craze Knit**

Manufacturers :
Gents Pullovers, Ladies Cardigon in
Pure Wool and Summer Garments
in Acryl Fabrics

## UDEY KNITWEARS

Street No. 3, Jammu Colony,
LUDHIANA-3.
Hello : Off. 36349, 36338, Resi. 32449
Grams : "Udey Knitwears"

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।

*ਅਪਣੀ ਕਿਰਪਾ ਧਾਰੀ*
*ਤਿਨਿ ਸਗਲੀ ਬਾਤ ਸਵਾਰੀ*

Specialists in : 'A' Class Decoration for
Marriages Parties & Govt. Functions

## Namdhari Tent House

53, Hamidia Road Near Alpana Talkies,
BHOPAL (M.P.)

ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ
ਦਰਸ਼ਨ ਦਿਓ

## ਸੂਰਤ ਸਿੰਘ ਐਂਡ ਸਨਜ਼

ਸਾਹਮਣੇ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.


Sri Satguru Jagjit Singh Ji eLibrary NamdhariElibrary@gmail.com

GOLD MEDAL WINNER
(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634

# JANTA
## HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

Manufacturers of:-
* SONY
* EAGLE
* VIZLA
PRESSURE COOKERS




Phone: 5417155
**N.J. INDUSTRIES**
F-99, Bali Nagar, New Delhi-110015
*Narender Singh* Prop.


Sri Satguru Jagjit Singh Ji eLibrary NamdhariElibrary@gmail.com

# GOLD STAR

HOME ELECTRICAL APPLIANCES



**SUPERB TECHNOLOGY**
**STAR PERFORMANCE**

Sole Distributors :

**TELEVISION SERVICE CENTRE (REGD.)**

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star : 7227095

Telex - 31-79088 IEC IN
Grams : HOUSE QUEEN

ALWAYS INSIST UPON **MEX**




SWITCHGEARS &
MOTOR STARTERS
FOR PERFECT AND
TROUBLE-FREE
PERFORMANCE




**MEX SWITCHGEARS PVT. LTD**

REGD. OFFICE 9TH KILOMETER, PATHANKOT ROAD, JALANDHAR.
PHONES. 72116, 76572, 72118



Sri Satguru Jagjit Singh Ji eLibrary NamdhariElibrary@gmail.com